# ਕੈਨੇਡਾ ਦਰਪਣ

ਦਸੰਬਰ 7, 1988

**December 7, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

DECEMBER 7-14, 1988 Vol. 07 No. 31
Out of Greater Vancouver 75¢
Second Class Mail Reg. No. 5991

ਕਨੇਡਾ ਦਰਪਣ

The Canada Darpan The Punjabi Newspaper
P.O.BOX 265, Surrey, B.C. V3T 4W8
Ph: (604) 581-4473

## ਮੀਟਿੰਗ ਮੁਲਤਵੀ

ਲੁਧਿਆਣਾ — ਸੰਯੁਕਤ ਅਕਾਲੀ ਦਲ ਐਗਜ਼ੈਕਟਿਵ ਮੀਟਿੰਗ ਜੋ ਇਥੇ 8 ਦਸੰਬਰ ਨੂੰ ਹੋਣੀ ਸੀ ਮੁਲਤਵੀ ਕਰ ਦਿੱਤੀ ਗਈ ਹੈ। ਕਾਰਨ ਇਹ ਦੱਸਿਆ ਗਿਆ ਹੈ ਕਿ ਡਾਕਟਰਾਂ ਨੇ ਜਗਦੇਵ ਸਿੰਘ ਤਲਵੰਡੀ ਨੂੰ ਹਸਪਤਾਲ 'ਚੋਂ ਬਾਹਰ ਜਾਣ ਦੀ ਆਗਿਆ ਨਹੀਂ ਦਿੱਤੀ ਇਸ ਮੀਟਿੰਗ ਵਿਚ ਦੋਵਾਂ ਦਲਾਂ ਦੀ ਏਕਤਾ ਬਾਰੇ ਵਿਚਾਰ ਵਟਾਂਦਰਾ ਹੋਣਾ ਸੀ।

# ਬੇਨਜ਼ੀਰ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ

## ਦੁਨੀਆਂ 'ਚ ਪਹਿਲੀ ਮੁਸਲਿਮ ਇਸਤਰੀ ਆਗੂ

ਇਸਲਾਮਾਬਾਦ — ਪਾਕਿਸਤਾਨ ਵਿਚ ਇਕ ਦਹਾਕੇ ਤੋਂ ਵੱਧ ਸਮੇਂ ਦੇ ਫੌਜੀ ਡਿਕਟੇਟਰੀ ਰਾਜ ਦੇ ਖਾਤਮੇਂ ਤੋਂ ਪਿਛੋਂ ਇਕ ਵਾਰ ਫਿਰ ਚੁਣੀ ਹੋਈ ਸਰਕਾਰ ਸੱਤਾ ਵਿਚ ਆ ਗਈ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਮਿਸਜ਼ ਬੇਨਜ਼ੀਰ ਭੁੱਟੋ ਨੇ ਦੋ ਦਸੰਬਰ ਨੂੰ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕ ਲਈ ਹੈ। ਉਹ ਦੀ ਉਮਰ 35 ਸਾਲ ਹੈ।

### ਪਹਿਲੀ ਇਸਤਰੀ ਪ੍ਰਧਾਨ ਮੰਤਰੀ

ਦੁਨੀਆਂ ਦੇ ਸਾਰੇ ਇਸਲਾਮੀ ਦੇਸ਼ਾਂ ਵਿਚੋਂ ਪਾਕਿਸਤਾਨ ਪਹਿਲਾ ਦੇਸ਼ ਹੈ ਜਿਸ ਦੀ ਪ੍ਰਧਾਨ ਮੰਤਰੀ ਬਣਨ ਲਈ ਇਕ ਇਸਤਰੀ ਨੂੰ ਮੌਕਾ ਮਿਲਿਆ ਹੈ। ਬੇਸ਼ਕ ਸਰਕਾਰ ਦੀਆਂ ਨੀਤੀਆਂ ਉਪਰ ਇਸ ਗੱਲ ਦਾ ਕੋਈ ਅਸਰ ਨਹੀਂ ਹੁੰਦਾ ਕਿ ਪ੍ਰਧਾਨ ਮੰਤਰੀ ਇਸਤਰੀ ਹੈ ਜਾਂ ਪੁਰਸ਼। ਕਿਸੇ ਦੇਸ਼ ਦੀਆਂ ਨੀਤੀਆਂ ਉਸ ਦੇਸ਼ ਦੀ ਪਾਰਟੀ ਦੀਆਂ ਨੀਤੀਆਂ ਹੁੰਦੀਆਂ ਹਨ ਅਤੇ ਪਾਰਟੀ ਕਿਸੇ ਜਮਾਤ ਦੀਆਂ ਪਾਲਸੀਆਂ ਨੂੰ ਅਮਲ ਵਿਚ ਲਿਆਉਂਦੀ ਹੈ। ਪਾਕਿਸਤਾਨ ਵਿਚ ਹੁਣ ਤਕ ਜਾਗੀਰਦਾਰ ਜਮਾਤ ਹੀ ਹਾਕਮ ਰਹੀ ਹੈ। ਹੁਣ ਵੀ ਉਸ ਦਾ ਤਕੜਾ ਹਿਸਾ ਪੀਪਲਜ਼ ਪਾਰਟੀ ਅਤੇ ਵਿਰੋਧੀ ਧਿਰ ਵਿਚ ਕਾਬਜ਼ ਹੈ।

### ਇਸਲਾਮ ਅਤੇ ਇਸਤਰੀ

ਚੋਣਾਂ ਤੋਂ ਪਹਿਲਾਂ ਪਾਕਿਸਤਾਨ ਦੀ ਹਾਕਮ ਜਮਾਤ ਦੀ ਸਮਰਥਕ ਮੌਲਵੀ ਮੁਲਾਣਿਆਂ ਦੀ ਧਿਰ ਨੇ ਹਰ ਕੋਸ਼ਿਸ਼ ਕੀਤੀ ਕਿ ਉਹ ਇਸਲਾਮ ਦਾ ਵਾਸਤਾ ਪਾ ਕੇ ਲੋਕਾਂ ਨੂੰ ਪੀਪਲਜ਼ ਪਾਰਟੀ ਤੋਂ ਪਰ੍ਹੇ ਲੈ ਜਾਣ। ਉਨ੍ਹਾਂ ਦਾ ਕਹਿਣਾ ਸੀ ਕਿ ਇਸਲਾਮੀ ਰਾਜ ਵਿਚ ਇਸਤਰੀ ਦੀ ਹਕੂਮਤ ਕੁਰਾਨ ਦੇ ਵਿਰੁੱਧ ਹੈ ਜਦੋਂ ਕਿ ਪੀਪਲਜ਼ ਪਾਰਟੀ ਦੇ ਸਮਰਥਕ ਬੁਧੀਜੀਵੀ ਕਹਿ ਰਹੇ ਸਨ ਕਿ ਇਸਲਾਮ ਬਰਾਬਰਤਾ ਦਾ ਅਲੰਬਰਦਾਰ ਹੈ।

### ਪਾਲਸੀਆਂ ਦਾ ਐਲਾਨ

ਪ੍ਰਧਾਨ ਮੰਤਰੀ ਭੁੱਟੋ ਨੇ ਸਹੁੰ ਚੁਕਣ ਤੋਂ ਪਿਛੋਂ ਪਾਕਿਸਤਾਨੀ ਕੌਮ ਦੇ ਨਾਂ ਟੈਲੀਵੀਜ਼ਨ ਉਪਰ ਸੰਦੇਸ਼ ਦਿੰਦਿਆਂ ਕਿਹਾ ਕਿ ਡਿਕਟੇਟਰਸ਼ਿਪ ਦੇ ਜ਼ਾਲਮ ਰਾਜ ਦਾ ਅੰਤ ਹੋ ਗਿਆ ਹੈ ਅਤੇ ਜਮਹੂਰੀਅਤ ਦੀ ਜਿੱਤ ਹੋਈ ਹੈ।

ਉਨ੍ਹਾਂ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਸਭ ਤੋਂ ਪਹਿਲਾਂ ਰਾਜਨੀਤਕ ਕੈਦੀਆਂ ਦੀ ਰਿਹਾਈ ਕਰ ਦੇਵੇਗੀ। ਮਜ਼ਦੂਰ ਯੂਨੀਅਨਾਂ ਉਪਰ ਲੱਗੀ ਪਾਬੰਦੀ ਖਤਮ ਕਰ ਦੇਵੇਗੀ। ਪ੍ਰੈਸ ਉਪਰੋਂ ਮੈਂਬਰਸ਼ਿਪ ਖਤਮ ਕਰਕੇ ਪ੍ਰੈਸ ਦੀ ਆਜ਼ਾਦੀ ਬਹਾਲ ਕਰ ਦੇਵੇਗੀ। ਉਨ੍ਹਾਂ ਨੈਸ਼ਨਲ ਪ੍ਰੈਸ ਟਰੱਸਟ ਨੂੰ ਖਤਮ ਕਰਨ ਦਾ ਵੀ ਐਲਾਨ ਕੀਤਾ।

### ਚੰਗੇ ਸੰਬੰਧ

ਉਨ੍ਹਾਂ ਨੇ ਦੋਵੇਂ ਵੱਡੀਆਂ ਤਾਕਤਾਂ, ਮੁਸਲਮ ਦੇਸ਼ਾਂ ਅਤੇ ਗੁਆਂਢੀ ਦੇਸ਼ਾਂ ਨਾਲ ਚੰਗੇ ਸੰਬੰਧ ਕਾਇਮ ਕਰਨ ਦਾ ਐਲਾਨ ਵੀ ਕੀਤਾ। ਉਨ੍ਹਾਂ ਭਾਰਤ ਨਾਲ ਚੰਗੇ ਸੰਬੰਧਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਨਹੀਂ ਕੀਤਾ।

ਅਗਲੇ ਦਿਨ ਪ੍ਰੈਸ ਕਾਨਫਰੰਸ ਵਿਚ ਉਨ੍ਹਾਂ ਅਮਰੀਕਾ, ਰੂਸ ਅਤੇ ਚੀਨ ਦਾ ਨਾਂ ਲੈ ਕੇ ਚੰਗੇ ਸੰਬੰਧਾਂ ਦੀ ਬਹਾਲੀ ਬਾਰੇ ਕਿਹਾ। ਉਨ੍ਹਾਂ ਭਾਰਤ ਦੇ ਸੰਬੰਧ ਵਿਚ ਸੰਬੰਧ ਸੁਧਾਰਨ ਦਾ ਜ਼ਿਕਰ ਤਾਂ ਕੀਤਾ ਪ੍ਰੰਤੂ ਉਸ ਨੇ ਬਹੁਤ ਉਤਸ਼ਾਹੀ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਜਦੋਂ ਕਿ ਭਾਰਤ ਦੇ ਪ੍ਰਧਾਨ ਨੇ ਬੜੀ ਗਰਮਜੋਸ਼ੀ ਨਾਲ ਮੁਬਾਰਕਬਾਦ ਦਾ ਸੰਦੇਸ਼ ਭੇਜਿਆ। ਮਿਸਜ਼ ਭੁੱਟੋ ਨੇ ਦਸੰਬਰ ਵਿਚ ਪਾਕਿਸਤਾਨ ਵਿਚ ਹੋਣ ਵਾਲੀ ਦੱਖਣੀ ਏਸ਼ੀਆ ਦੇ ਦੇਸ਼ਾਂ 'ਸਾਰਕ' ਦੀ ਮੀਟਿੰਗ ਸਮੇਂ ਪ੍ਰਧਾਨ ਮੰਤਰੀ ਰਾਜੀਵ ਨਾਲ ਗੱਲਬਾਤ ਕਰਨ ਦਾ ਜ਼ਿਕਰ ਕੀਤਾ।

### ਭੁੱਟੋ ਦੀ ਪਹਿਲ

ਬੇਨਜ਼ੀਰ ਭੁੱਟੋ ਨੇ ਕਿਹਾ ਹੈ ਕਿ ਉਹ ਬੇਰੁਜ਼ਗਾਰੀ, ਗਰੀਬੀ, ਭੁੱਖ, ਅਤੇ ਅਣਪੜ੍ਹਤਾ ਦੂਰ ਕਰਨ ਨੂੰ ਪਹਿਲ ਦੇਵੇਗੀ। ਪਾਕਿਸਤਾਨ ਦੇ ਲੋਕਾਂ ਦੀਆਂ ਇਹ ਹੀ ਮੁਖ ਮੰਗਾਂ ਹਨ। ਉਸ ਨੇ ਹਸਪਤਾਲ ਅਤੇ ਸਿਹਤ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦਾ ਐਲਾਨ ਵੀ ਕੀਤਾ।

### ਸ਼ਹੀਦਾਂ ਦੀ ਯਾਦਗਾਰ

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਜਮਹੂਰੀਅਤ ਦੀ ਬਹਾਲੀ ਲਈ ਸ਼ਹਾਦਤਾਂ ਦਿੱਤੀਆਂ ਹਨ ਉਨ੍ਹਾਂ ਦੀ ਯਾਦ ਵਿਚ ਇਕ "ਸ਼ਹੀਦੀ ਯਾਦਗਾਰ" ਬਣਾਉਣ ਦਾ ਐਲਾਨ ਵੀ ਕੀਤਾ। ਜਿਸ ਸਮੇਂ ਉਹ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੀ ਸੀ ਤਾਂ ਉਸ ਦੇ ਪਿਤਾ ਮਰਹੂਮ ਪ੍ਰਧਾਨ ਮੰਤਰੀ ਜ਼ੁਲਫ ਕਾਰ ਅਲੀ ਭੁੱਟੋ ਦੀ ਫੋਟੋ ਦੇ ਸਾਹਮਣੇ ਬੈਠੀ ਸੀ।

ਬੇਨਜ਼ੀਰ ਨੇ ਕਿਹਾ ਕਿ ਜਮਹੂਰੀਅਤ ਬਹਾਲੀ ਲਹਿਰ ਵਿਚ ਨੁਕਸਾਨ ਉਠਾਉਣ ਵਾਲਿਆਂ ਅਤੇ 11 ਸਾਲਾਂ ਫੌਜੀ ਡਿਕਟੇਟਰ ਸ਼ਿਪ ਹੇਠ ਦੁੱਖ-ਕਸ਼ਟ ਝੱਲਣ ਵਾਲਿਆਂ ਲੋਕਾਂ ਨੂੰ ਸਨਮਾਨਿਆ ਜਾਵੇਗਾ ਅਤੇ ਮੁਆਵਜ਼ਾ ਦਿੱਤਾ ਜਾਵੇਗਾ।



### ਮੰਤਰੀ ਮੰਡਲ

ਪ੍ਰਧਾਨ ਮੰਤਰੀ ਭੁੱਟੋ ਨੇ ਆਪਣੇ ਮੰਤਰੀ ਮੰਡਲ ਵਿਚ 23 ਮੰਤਰੀ ਲਏ ਹਨ। ਉਨ੍ਹਾਂ ਨੇ ਖਜ਼ਾਨਾ ਵਿਭਾਗ ਅਤੇ ਰੱਖਿਆ ਵਿਭਾਗ (ਡੀਫੈਂਸ) ਸਮੇਤ ਛੇ ਮਹਿਕਮੇਂ ਆਪਣੇ ਕੋਲ ਰੱਖੇ ਹਨ। ਉਨ੍ਹਾਂ ਦੇ ਮੰਤਰੀ ਮੰਡਲ ਦੇ ਬਹੁਤ ਮੰਤਰੀ 45 ਸਾਲ ਦੀ ਉਮਰ ਤੋਂ ਘਟ ਦੇ ਹਨ। ਉਸ ਨੇ ਰਾਜਮੰਤਰੀਆਂ ਦੀ ਇਕ ਸਲਾਹਕਾਰ ਕੌਂਸਲ ਵੀ ਬਣਾਈ ਹੈ।

(ਬਾਕੀ ਪੰਨਾ 5 'ਤੇ)

# ਬਰਨਾਲਾ ਨੇ ਮੁਆਫ਼ੀ ਮੰਗੀ

## ਦੋਵੇਂ ਅਕਾਲੀ ਦਲਾਂ ਵਿਚ ਏਕਾ ਹੋਵੇਗਾ



### ਲੌਂਗੋਵਾਲ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ (ਲੌਂ:) ਦੇ ਪ੍ਰਧਾਨ ਤੇ ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਦੇ ਸਾਹਮਣੇ ਪੇਸ਼ ਹੋ ਕੇ 5 ਦਸੰਬਰ ਨੂੰ ਲੌਂਗੋਵਾਲ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਆਪਣੀ ਗਲਤੀ ਮੰਨ ਲਈ ਹੈ ਤੇ ਅਕਾਲ ਤਖਤ ਦੇ ਜਥੇਦਾਰ ਨੇ ਬਰਨਾਲਾ ਨੂੰ ਮੁੜ ਸਿਖ ਪੰਥ 'ਚ ਸ਼ਾਮਲ ਕਰ ਲਿਆ ਹੈ।

ਸੁਰਜੀਤ ਸਿੰਘ ਬਰਨਾਲਾ ਨੇ ਲੌਂਗੋਵਾਲ ਅਕਾਲੀ ਦਲ ਦੀ ਐਗਜ਼ੈਕਟਿਵ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਨੂੰ ਵੀ ਭੰਗ ਕਰ ਦਿੱਤਾ ਹੈ।

ਇਹ ਐਲਾਨ ਸ੍ਰੀ ਬਰਨਾਲਾ ਨੇ ਅੰਮ੍ਰਿਤਸਰ ਵਿਚ ਅਕਾਲ ਤਖਤ ਦੇ ਜਥੇਦਾਰ ਅਤੇ ਚਾਰ ਹੋਰ ਜਥੇਦਾਰਾਂ ਦੇ ਸਾਹਮਣੇ ਕੀਤਾ। ਯਾਦ ਰਹੇ ਕਿ ਫਰਵਰੀ 1987 ਵਿਚ ਸ੍ਰੀ ਬਰਨਾਲਾ ਨੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਪ੍ਰੋ: ਦਰਸ਼ਨ ਸਿੰਘ ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਸ਼੍ਰੋਮਣੀ ਅਕਾਲੀ ਦਲ (ਲੌਂ:) ਨੂੰ ਬਾਦਲ ਧੜੇ ਨਾਲ ਇਕ ਕਰਨ ਤੋਂ ਨਾਂਹ ਕੀਤੀ ਸੀ। ਜਿਸ ਤੋਂ ਗਰਮੀ ਖਾ ਕੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਨੇ ਸ੍ਰੀ ਬਰਨਾਲਾ ਨੂੰ ਸਿਖ ਪੰਥ ਵਿਚੋਂ ਖਾਰਜ ਕਰ ਦਿੱਤਾ ਸੀ।

5 ਦਸੰਬਰ ਤੋਂ ਮੁੜ ਸ੍ਰੀ ਬਰਨਾਲਾ ਨੂੰ ਸਿਖ ਪੰਥ ਵਿਚ ਬਾਕਾਇਦਾ ਤੌਰ ਉਤੇ ਸ਼ਾਮਲ ਕਰ ਲਿਆ ਗਿਆ ਹੈ।

### ਅਕਾਲੀ ਦਲਾਂ 'ਚ ਏਕਤਾ

ਲੁਧਿਆਣਾ — ਅਕਾਲੀ ਦਲ (ਲੌਂ:) ਅਤੇ ਅਕਾਲੀ ਦਲ (ਤਲਵੰਡੀ) ਵਿਚਕਾਰ ਏਕਤਾ ਕਿਸੇ ਵੀ ਸਮੇਂ ਸੰਭਵ ਹੈ। ਦੋਵਾਂ ਧੜਿਆਂ ਦੇ ਨੇੜਲੇ ਸੂਤਰ ਦੋਵਾਂ ਗਰੁਪਾਂ 'ਚ ਏਕਤਾ ਲਈ ਹੋਈ ਗੱਲਬਾਤ ਤੋਂ ਸੰਤੁਸ਼ਟ ਹਨ।

ਬਰਨਾਲਾ ਸਰਕਾਰ ਦੇ ਦੋ ਸਾਬਕਾ ਮੰਤਰੀ ਬਲਵੰਤ ਸਿੰਘ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਵਲੋਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਹੋਰਾਂ ਨਾਲ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਆਪਣੇ ਆਪ ਨੂੰ ਸ: ਬਰਨਾਲਾ ਦੇ ਨਜ਼ਦੀਕ ਸਮਝਣ ਵਾਲੇ ਕੁਝ ਬੰਦੇ ਹੀ ਏਕਤਾ ਯਤਨਾਂ ਦਾ ਵਿਰੋਧ ਕਰ ਰਹੇ ਹਨ ਬਲਵੰਤ ਸਿੰਘ ਤੇ ਸ੍ਰੀ ਚੰਦੂਮਾਜਰਾ ਦੀ ਅਗਵਾਈ ਵਾਲੇ ਅਕਾਲੀ ਆਗੂ ਆਖਰ ਬਰਨਾਲਾ ਨੂੰ ਤਲਵੰਡੀ ਧੜੇ ਨਾਲ ਏਕੇ ਲਈ ਰਾਜ਼ੀ ਕਰਨ ਵਿਚ ਸਫਲ ਹੋ ਗਏ ਹਨ। ਬਰਨਾਲਾ ਦੇ ਕੁਝ ਹਮਾਇਤੀ ਜਿਹੜੇ ਪਹਿਲਾਂ ਏਕਤਾ ਯਤਨਾਂ ਦਾ ਵਿਰੋਧ ਕਰ ਰਹੇ ਸਨ, ਹੁਣ ਬਲਵੰਤ ਸਿੰਘ ਚੰਦੂਮਾਜਰਾ ਅਮਨ ਯਤਨਾਂ ਵਿਚ ਸ਼ਾਮਲ ਹੋ ਗਏ ਹਨ।

ਸ. ਬਰਨਾਲਾ ਦੇ ਹਮਾਇਤੀ ਚਾਹੁੰਦੇ ਸਨ ਕਿ ਅਕਾਲੀ ਦਲ ਵਿਚਲੇ ਉਨ੍ਹਾਂ ਦੇ ਅਹੁਦੇ ਮੁਤਾਬਕ ਉਨ੍ਹਾਂ ਨੂੰ ਸਨਮਾਨਜਨਕ ਸਥਾਨ ਦਿਤਾ ਜਾਵੇ।

# ਬੰਗਾਲ ਵਿਚ ਭਿਆਨਕ ਤੂਫਾਨ ਕਾਰਨ 450 ਮੌਤਾਂ; 800 ਤੋਂ ਵੱਧ ਲਾਪਤਾ

ਕਲਕੱਤਾ — ਪਿਛਲੇ ਹਫਤੇ ਆਏ ਸਮੁੰਦਰੀ ਭਿਆਨਕ ਤੂਫ਼ਾਨ ਕਾਰਨ ਪੱਛਮੀ ਬੰਗਾਲ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ 450 ਤੱਕ ਪੁਜ ਗਈ ਹੈ ਅਤੇ 800 ਤੋਂ ਵੱਧ ਲੋਕ ਅਜੇ ਲਾਪਤਾ ਹਨ। ਗੈਰ ਸਰਕਾਰੀ ਸੂਤਰਾਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ ਸਰਕਾਰੀ ਅੰਕੜਿਆਂ ਤੋਂ ਕਿਤੇ ਵੱਧ ਹੈ।

ਪੱਛਮੀ ਬੰਗਾਲ ਦੇ ਤੱਟ-ਵਰਤੀ ਸਥਾਨਾਂ ਉਤੇ ਜੰਗਲਾਤ ਵਿਚ ਕੰਮ ਕਰਨ ਵਾਲੇ ਅਤੇ ਮਛੇਰਿਆਂ ਦੀ ਮੌਤਾਂ ਦੀ ਗਿਣਤੀ ਦਾ ਕੋਈ ਅੰਦਾਜ਼ਾ ਨਹੀਂ ਹੈ ਤੂਫਾਨ ਦੀ ਤਬਾਹੀ ਨਾਲ ਮਾਰੇ ਜਾਣ ਵਾਲਿਆਂ ਵਿਚ ਛੋਟੇ ਸਮੁੰਦਰੀ ਜਹਾਜ਼ਾਂ ਦੇ ਕਰਮਚਾਰੀ ਵੀ ਸ਼ਾਮਲ ਹਨ।

ਇਕ ਅੰਦਾਜ਼ੇ ਅਨੁਸਾਰ ਸਮੁੰਦਰੀ ਭਿਆਨਕ ਤੂਫ਼ਾਨ ਕਾਰਨ 55000 ਤੋਂ ਵੱਧ ਪਸ਼ੂ ਮਾਰੇ ਗਏ ਹਨ। ਖਬਰਾਂ ਅਨੁਸਾਰ ਪਿਛਲੇ 200 ਸਾਲ ਵਿਚ ਤੂਫ਼ਾਨਾਂ ਕਾਰਨ ਏਨੇ ਪਸ਼ੂ ਕਦੇ ਨਹੀਂ ਮਾਰੇ ਗਏ।

ਹਜ਼ਾਰਾਂ ਕੱਚੇ ਮਕਾਨ ਢਹਿ ਗਏ ਹਨ, ਖੜ੍ਹੀਆਂ ਫਸਲਾਂ ਦਾ ਚਾਲੀ ਫੀ ਸਦੀ ਹਿੱਸਾ ਤਬਾਹ ਹੋ ਗਿਆ ਹੈ, 20 ਲੱਖ ਤੋਂ ਵੱਧ ਲੋਕ ਤੂਫ਼ਾਨ ਦੀ ਮਾਰ ਵਿਚ ਆਏ ਹਨ।

# ਗੋਆ 'ਚ ਨਗਨ ਬੀਚਾਂ ਤੇ ਪਾਬੰਦੀ

ਗੋਆ — ਗੋਆ ਦੀਆਂ ਨਗਨ-ਬੀਚਾਂ ਉਤੇ ਭਾਰਤ ਸਰਕਾਰ ਨੇ ਆਰਡੀਨੈਂਸ ਜਾਰੀ ਕਰਕੇ ਪਾਬੰਦੀ ਲਾ ਦਿੱਤੀ ਹੈ।

ਗੋਆ ਵਿਚ ਪੱਛਮੀ ਦੇਸ਼ਾਂ ਦੀ ਤਰ੍ਹਾਂ ਅਜਿਹੀਆਂ ਬੀਚਾਂ ਸਨ ਜਿਨ੍ਹਾਂ ਉਤੇ ਨਗਨ ਜਾਣ ਦੀ ਖੁਲ੍ਹ ਸੀ। ਦੇਸ਼ ਦੀਆਂ ਰਵਾਇਤਾਂ ਨੂੰ ਮੁੱਖ ਰੱਖਦੇ ਹੋਏ ਅਜਿਹਾ ਕਦਮ ਚੁਕਣ ਦੀ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚੋਂ ਪ੍ਰਸ਼ੰਸਾ ਕੀਤੀ ਗਈ ਹੈ।

# ਹਵਾਈ ਅੱਡਿਆਂ 'ਤੇ ਵੀਡੀਓ ਮਿਲਣਗੇ

ਨਵੀਂ ਦਿੱਲੀ — ਭਾਰਤ ਸਰਕਾਰ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਦੇਸ਼ ਦੇ ਕੌਮਾਂਤਰੀ ਹਵਾਈ ਅੱਡਿਆਂ ਉਤੇ ਜਿਥੇ ਅੱਗੇ ਡਿਊਟੀ-ਫਰੀ ਸ਼ਰਾਬ ਤੇ ਸਿਗਰਟਾਂ ਮਿਲਦੀਆਂ ਸਨ ਉਥੇ ਹੁਣ ਵੀ. ਸੀ. ਆਰ. ਵੀ ਇੰਨੇ ਸਸਤੀਆਂ ਕੀਮਤਾਂ ਉਤੇ ਮਿਲ ਸਕਣਗੇ ਜਿੰਨੇ ਸਿੰਘਾਪੁਰ ਜਾਂ ਡੁਬਈ ਵਿਚ ਵੀ ਨਹੀਂ ਮਿਲਦੇ।

ਇਨ੍ਹਾਂ ਦੀ ਵਿਕਰੀ ਡਿਊਟੀ-ਫਰੀ ਦੁਕਾਨਾਂ ਉਤੇ ਹੋਵੇਗੀ।

# ਕਰੋੜਪਤੀ ਸਿੰਘਾਨੀਆ ਚਲ ਵਸਿਆ

ਕਲਕੱਤਾ — ਭਾਰਤ ਦੇ ਕਰੋੜਪਤੀ ਵਪਾਰੀ ਤੇ ਇੰਡਸਟਰੀਅਲਿਸਟ ਸ੍ਰੀ ਪਦ ਸਿਘਾਨੀਆ ਦਾ ਇਥੇ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਹੈ। ਸਿੰਘਾਨੀਆ ਜੇ. ਕੇ. ਹਾਊਸ ਦਾ ਡਾਇਰੈਕਟਰ ਸੀ। ਤੇ ਭਾਰਤ ਚੈਂਬਰ ਆਫ ਕਾਮਰਸ ਦਾ ਪ੍ਰਧਾਨ ਵੀ ਰਹਿ ਚੁੱਕਾ ਸੀ।

# ਇੰਡੀਅਨ ਏਅਰ ਲਾਈਨਜ਼ ਦੇ ਮੁਲਾਜ਼ਮਾਂ ਦੀ ਹੜਤਾਲ ਖਤਮ

ਨਵੀਂ ਦਿੱਲੀ — ਇੰਡੀਅਨ ਏਅਰ ਲਾਈਨਜ਼ ਦੇ 17500 ਮੁਲਾਜ਼ਮਾਂ ਦੀ ਹੜਤਾਲ 5 ਦਸੰਬਰ ਨੂੰ ਖਤਮ ਹੋ ਗਈ ਹੈ। ਹੜਤਾਲ ਉਸ ਸਮੇਂ ਖਤਮ ਹੋਈ ਜਦ ਮੁਲਾਜ਼ਮ ਯੂਨੀਅਨਾਂ ਤੇ ਸਰਕਾਰ ਵਿਚਕਾਰ ਪਿਛਲਾ ਰਾਤ ਸਮਝੌਤਾ ਤੈਅ ਹੋਇਟਾ। ਇਸ ਹੜਤਾਲ ਵਿਚ ਏਅਰ ਲਾਈਨਜ਼ ਦੇ ਮੁਲਾਜ਼ਮ ਤੇ ਟੈਕਨੀਸ਼ਨ ਵੀ ਸ਼ਾਮਲ ਸਨ।

ਪਿਛਲੇ 39 ਮਹੀਨਿਆਂ ਵਿਚ ਕਰਮਚਾਰੀਆਂ ਨੇ ਦੋ ਵਾਰ ਮੁਕੰਮਲ ਹੜਤਾਲ ਕੀਤੀ ਜਦੋਂ ਹਵਾਈ ਜਹਾਜ਼ਾਂ ਦਾ ਆਉਣਾ ਜਾਣਾ ਮੁਕੰਮਲ ਤੌਰ ... ਬੰਦ ਰਿਹਾ। ਇਕ ਹੜਤਾਲ ਅਜੇ ਪਿਛਲੇ ਮਹੀਨੇ ਹੀ ਕੀਤੀ ਗਈ ਸੀ ...

ਨਵੇਂ ਸਮਝੌਤੇ ਅਨੁਸਾਰ 1 ਅਕਤੂਬਰ 1985 ਤੋਂ ਲੈ ਕੇ ਕਰਮਚਾ... ਦੀਆਂ ਤਨਖਾਹਾਂ ਵਿਚ 350 ਰੁਪਏ ਮਹੀਨੇ ਤੋਂ ਲੈ ਕੇ 1000 ਰੁਪਏ ਤੱ... ਵਾਧਾ ਸ਼ਾਮਲ ਹੈ।

# ਸ੍ਰੀਨਗਰ 'ਚ ਇਕ ਪੁਲ... ਸਟੇਸ਼ਨ ਨੂੰ ਉਡਾਉਣ ਦ... ਨਾਕਾਮ ਕੋਸ਼ਿਸ਼

ਸ੍ਰੀਨਗਰ — ਜੰਮੂ ਕਸ਼ਮੀਰ ਦੀ ਰਾਜਧਾਨੀ ਵਿਚ ਕੁਝ ਅਗਿ... ਵਿਅਕਤੀਆਂ ਵਲੋਂ ਇਕ ਪੁਲਸ ਸਟੇਸ਼ਨ ਨੂੰ ਬੰਬ ਧਮਾਕੇ ਨਾਲ ਉਡਾਉ... ਨਾਕਾਮ ਕੋਸ਼ਿਸ਼ ਕੀਤੇ ਜਾਣ ਦਾ ਪਤਾ ਲੱਗਾ ਹੈ। ਸ਼ਹਿਰ ਵਿਚ ਸਥਿਤ ਇਸ ... ਸਟੇਸ਼ਨ ਉਤੇ ਬੰਬ ਸੁਟੇ ਗਏ ਪਰ ਉਹ ਪੁਲਸ ਸਟੇਸ਼ਨ ਦੇ ਅਹਾਤੇ ਵਿਚ ਹੀ ਫ...

ਪਿਛਲੇ ਤਿੰਨ ਦਿਨਾਂ ਵਿਚ ਦੋ ਵਾਰ ਅਜਿਹੀ ਕੋਸ਼ਿਸ਼ ਕੀਤੀ ਗਈ... ਪੁਲਸ ਦਾ ਕਹਿਣਾ ਹੈ ਕਿ ਕੁਝ ਗਲਤ ਅਨਸਰ ਸ਼ਹਿਰ ਵਿਚ ਦਹਿਸ਼... ਵਾਤਾਵਰਣ ਪੈਦਾ ਕਰਨਾ ਚਾਹੁੰਦਾ ਹੈ ਜਿਸ ਵਲੋਂ ਅਜਿਹੀਆਂ ਹਰ... ਕੀਤੀਆਂ ਜਾ ਰਹੀਆਂ ਹਨ।


RAJA CATERING SERVICES
SINCE 1975

Raja

FOR WEDDING SWEETS & YOUR CATERING NEEDS
*WE OFFER:*
☐ BEST FOOD ☐ BEST SERVICE
☐ BEST PRICE

Call BALWANT RAJA AT
**325-5014 Or 321-3223**
6450 MAIN ST., (AT (49th Ave.)
VANCOUVER, B.C. CANADA V5W 2V4

moti-mahal



***'After An Auto Accident, Call On Experience:***

**Bernard Simpson And Company**

**Lawyers**

Practice **RESTRICTED** to **INJURIES CAUSED BY CAR ACCIDENTS**

ICBC Claims

***No charge for initial consultation***

***Translation Services Available***
ਦੁਭਾਸ਼ੀਏ ਦੀਆਂ ਸੇਵਾਵਾਂ ਵੀ ਹਨ

**Call collect**
***24 Hour Calls***

**Ph. 734-2272**

ਤੁਹਾਡੇ ਕਲੇਮ ਦੇ ਦੌਰਾਨ ਅਸੀਂ ਸਾਰੇ ਖਰਚੇ ਦਿੰਦੇ ਹਾਂ
ਤੁਹਾਡੇ ਲਈ ਇਹ ਜ਼ਰੂਰੀ ਨਹੀਂ ਕਿ ਕੇਸ ਦੇ ਖਤਮ ਹੋਣ ਤੱਕ
ਤੁਸੀਂ ਅਦਾਇਗੀ ਕਰੋਂ

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

**Situated In the B.C. Automobile Association Building**
**Ste. 750, 999 West Broadway**
**Vancouver, B.C. V5Z 1K5**

# ਤਿੰਨ ਦਹਿਸ਼ਤਗਰਦ ਤੇ ਪੰਜ ਬੇਗੁਨਾਹ ਹਲਾਕ

ਚੰਡੀਗੜ੍ਹ — ਪਿਛਲੇ ਦਿਨ ਪੰਜਾਬ ਵਿਚ ਤਿੰਨ ਦਹਿਸ਼ਤਗਰਦ ਅਤੇ ਪੰਜ ਹੋਰ ਵਿਅਕਤੀ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ। ਤਿੰਨ ਦਹਿਸ਼ਤਗਰਦਾਂ ਦੀ ਮੌਤ ਅੰਮ੍ਰਿਤਸਰ ਜ਼ਿਲੇ ਵਿਚ ਹੋਈ।

ਦਹਿਸ਼ਤਗਰਦਾਂ ਨੇ ਅੰਮ੍ਰਿਤਸਰ ਵਿਚ ਇਕ ਕਿਸਾਨ ਸਮੇਤ ਦੋ ਹੋਰ ਵਿਅਕਤੀਆਂ ਦੀ ਹੱਤਿਆ ਕੀਤੀ। ਅਤਿਵਾਦੀਆਂ ਨਾਲ ਮੁਕਾਬਲੇ ਵਿਚ ਦੋ ਪੁਲਸ ਦੇ ਸਿਪਾਹੀ ਬੁਰੀ ਤਰ੍ਹਾਂ ਜ਼ਖਮੀ ਹੋਏ।

### ਇਮਾਰਤ ਨੂੰ ਅੱਗ

ਲੁਧਿਆਣੇ ਜ਼ਿਲੇ ਵਿਚ ਦਹਿਸ਼ਤਗਰਦਾਂ ਨੇ ਇਕ ਸਕੂਲ ਦੀ ਇਮਾਰਤ ਨੂੰ ਅੱਗ ਲਗਾ ਦਿੱਤੀ। ਇਕ ਸਰਕਾਰੀ ਅਧਿਕਾਰੀ ਤੋਂ ਉਸਦਾ ਮੋਟਰ ਸਕੂਟਰ ਖੋਹ ਲਿਆ ਤੇ 42000 ਰੁਪਏ ਲੁੱਟ ਲਏ।

### ਸਰਬਜੀਤ ਸਿੰਘ ਉਰਫ਼ ਸੀਤਾ ਹਲਾਕ

ਮਾਰੇ ਗਏ ਤਿੰਨ ਦਹਿਸ਼ਤਗਰਦਾਂ ਵਿਚ ਇਕ ਖ਼ੂੰਖਾਰ ਅਤਿਵਾਦੀ ਸਰਬਜੀਤ ਸਿੰਘ ਉਰਫ਼ ਸੀਤਾ ਵੀ ਸ਼ਾਮਲ ਸੀ। ਸੀਤਾ ਆਪਣੇ ਆਪ ਨੂੰ ਖਾਲਿਸਤਾਨ ਕਮਾਂਡੋ ਫੋਰਸ ਦਾ ਏਰੀਆ ਕਮਾਂਡਰ ਸੱਦਦਾ ਸੀ। ਇਕ ਹੋਰ ਅਤਿਵਾਦੀ ਸੁਖਰਾਜ ਸਿੰਘ ਸੋਹਲ ਵੀ ਪੁਲਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ। ਤੀਜੇ ਅਤਿਵਾਦੀ ਦਾ ਨਾਂ ਪੁਲਸ ਨੇ ਦੱਸਣ ਤੋਂ ਇਨਕਾਰ ਕਰ ਦਿੱਤਾ।

### ਰਾਤ ਨੂੰ ਬੱਸਾਂ ਬੰਦ

ਅੰਮ੍ਰਿਤਸਰ ਦੇ ਜ਼ਿਲਾ ਅਧਿਕਾਰੀਆਂ ਨੇ ਨੈਸ਼ਨਲ ਹਾਈਵੇ ਵਾਲੀਆਂ ਸੜਕਾਂ ਨੂੰ ਛੱਡ ਕੇ ਬਾਕੀ ਸਾਰੇ ਜ਼ਿਲੇ ਵਿਚ ਸ਼ਾਮ ਦੇ ਪੰਜ ਵਜੇ ਤੋਂ ਲੈ ਕੇ ਸਵੇਰ ਦੇ ਛੇ ਵਜੇ ਤੱਕ ਸਾਰੀਆਂ ਬੱਸਾਂ ਬੰਦ ਕਰ ਦਿੱਤੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਅਤਿਵਾਦੀਆਂ ਵਲੋਂ ਬੇਗੁਨਾਹ ਲੋਕਾਂ ਨੂੰ ਬੱਸਾਂ ਵਿਚੋਂ ਕੱਢ ਕੇ ਮਾਰੇ ਜਾਣ ਦੇ ਸ਼ੱਕ ਤੋਂ ਚੁਕਿਆ ਗਿਆ ਹੈ।

## ਮਰਨ ਵਾਲਿਆਂ 'ਚ ਨੰਬਰਦਾਰ ਸ਼ਾਮਲ

ਚੰਡੀਗੜ੍ਹ — 5 ਦਸੰਬਰ ਨੂੰ ਪੰਜਾਬ 'ਚ ਤਿੰਨ ਕਤਲ ਹੋਏ ਜਿੰਨ੍ਹਾਂ ਵਿਚ ਇਕ ਪਿੰਡ ਦਾ ਨੰਬਰਦਾਰ ਵੀ ਸ਼ਾਮਲ ਸੀ। ਅੰਮ੍ਰਿਤਸਰ ਜ਼ਿਲੇ ਦੇ ਬੱਗਾ ਪਿੰਡ ਦਾ ਨੰਬਰਦਾਰ ਸੁਰਜੀਤ ਸਿੰਘ ਦਹਿਸ਼ਤਗਰਦਾਂ ਦੀਆਂ ਗੋਲੀਆਂ ਨਾਲ ਮਾਰਿਆ ਗਿਆ। ਸੁਰਜੀਤ ਸਿੰਘ ਦੇ ਘਰ ਉਤੇ ਹਮਲਾ ਛੇ ਅਤਿਵਾਦੀਆਂ ਨੇ ਕੀਤਾ। ਅਤਿਵਾਦੀਆਂ ਨੇ ਨੰਬਰਦਾਰ ਸੁਰਜੀਤ ਸਿੰਘ ਨੂੰ ਘਰ ਵਿਚੋਂ ਘਸੀਟ ਕੇ ਬਾਹਰ ਲਿਆਂਦਾ ਤੇ ਗੋਲੀ ਮਾਰ ਦਿੱਤੀ।

ਫੀਰੋਜ਼ਪੁਰ ਜ਼ਿਲੇ ਵਿਚ ਫਾਜ਼ਿਲਕਾ ਦੇ ਨੇੜੇ ਇਕ ਵਿਅਕਤੀ ਰਘੁਬਰ ਦਿਆਲ ਦੀ ਹੱਤਿਆ ਦਹਿਸ਼ਤਗਰਦਾਂ ਨੇ ਕਰ ਦਿੱਤੀ। ਉਸਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਲਿਆਂਦਾ ਗਿਆ ਜਿਥੇ ਪਹੁੰਚਦਿਆਂ ਹੀ ਉਸ ਦੀ ਮੌਤ ਹੋ ਗਈ ਇਕ ਹੋਰ ਵਿਅਕਤੀ ਲੁਧਿਆਣਾ ਜ਼ਿਲੇ ਵਿਚ ਅਤਿਵਾਦੀ ਗੋਲੀਆਂ ਦਾ ਸ਼ਿਕਾਰ ਹੋਇਆ।

### 7 ਅਤਿਵਾਦੀ ਗ੍ਰਿਫਤਾਰ

ਇਸੇ ਦੌਰਾਨ ਪਿਛਲੇ 24 ਘੰਟਿਆਂ ਵਿਚ ਸੁਰੱਖਿਆ ਦਸਤਿਆਂ ਨੇ ਪੰਜਾਬ ਦੇ ਵੱਖ ਵੱਖ ਥਾਵਾਂ ਉਤੋਂ ਸੱਤ ਦਹਿਸ਼ਤਗਰਦ ਗ੍ਰਿਫਤਾਰ ਕੀਤੇ ਜਿਨ੍ਹਾਂ ਕੋਲੋਂ ਗੋਲੀ ਸਿੱਕਾ ਵੀ ਫੜਿਆ ਗਿਆ।

## ਪਾਕਿਸਤਾਨੀ ਜਾਸੂਸੀ ਦੇ ਦੋ ਮਾਹਰ ਦੇਸ਼ੋਂ ਬਾਹਰ

ਨਵੀਂ ਦਿੱਲੀ — ਭਾਰਤ ਸਰਕਾਰ ਨੇ ਉਨ੍ਹਾਂ ਦੋ ਪਾਕਿਸਤਾਨੀ ਜਾਸੂਸਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਹੈ ਜੋ ਸੁਰੱਖਿਆ ਬਾਰੇ ਜਾਸੂਸੀ ਕਰਦੇ ਫੜੇ ਗਏ ਸਨ। ਜਾਸੂਸੀ ਕਰਨ ਵਾਲਿਆਂ ਵਿਚ ਇਕ ਬ੍ਰਗੇਡੀਅਰ ਅਬਾਸੀ ਵੀ ਸ਼ਾਮਲ ਸੀ। ਗੈਰ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਦੋਵੇਂ ਸੀ. ਆਈ. ਏ. ਦੇ ਏਜੰਟ ਸਨ ਅਤੇ ਭਾਰਤ ਦੇ ਰੱਖਿਆ ਬਾਰੇ ਦਸਤਾਵੇਜ਼ ਵੀ ਇਨ੍ਹਾਂ ਕੋਲੋਂ ਫੜੇ ਗਏ। ਮਿ: ਅਬਾਸੀ ਪਾਕਿਸਤਾਨੀ ਦੂਤਾਵਾਸ ਵਿਚ ਮਿਲਟਰੀ ਅਟੈਚੀ ਸੀ।

ਇਹ ਦੋਵੇਂ ਜਾਸੂਸ ਇਸਲਾਮਾਬਾਦ ਪਹੁੰਚ ਗਏ ਹਨ। ਉਧਰ ਜਵਾਬੀ ਕਾਰਵਾਈ ਵਜੋਂ ਪਾਕਿਸਤਾਨ ਨੇ ਦੋ ਭਾਰਤੀ ਡਿਪਲੋਮੈਟਾਂ ਨੂੰ ਭਾਰਤ ਭੇਜ ਦਿੱਤਾ ਹੈ। ਭਾਰਤੀ ਡਿਪਲੋਮੈਟਾਂ ਸ੍ਰੀ ਰਮੇਸ਼ ਤੇ ਸ੍ਰੀ ਬੀ ਬੀ ਸ਼ਰਮਾ ਨੂੰ ਵਾਪਸ ਭੇਜਿਆ ਗਿਆ ਹੈ।

## ਇੰਦਰਾ ਕਾਤਲਾਂ ਦੀ ਫਾਂਸੀ ਇਕ ਵਾਰ ਫੇਰ ਮੁਲਤਵੀ

ਨਵੀਂ ਦਿੱਲੀ — ਖਬਰ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲਾਂ ਨੂੰ ਫਾਂਸੀ ਦੇਣ ਦਾ ਸਮਾਂ ਇਕ ਵਾਰ ਫੇਰ ਅਗੇ ਪਾ ਦਿੱਤਾ ਗਿਆ। ਪਹਿਲਾਂ ਵੀ ਇਹ ਸਜ਼ਾ ਤਿੰਨ ਵਾਰ ਅਗੇ ਪਾਈ ਜਾ ਚੁਕੀ ਹੈ। ਪਿਛਲੀ ਵਾਰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਮੁੜ ਸੁਣਵਾਈ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਦੋਸ਼ੀ ਸਤਵੰਤ ਸਿੰਘ ਨੇ ਸੁਪਰੀਮ ਕੋਰਟ ਵਿਚ ਇਕ ਹੋਰ ਅਰਜ਼ੀ ਦਾਖਲ ਕੀਤੀ ਸੀ ਕਿ ਇੰਦਰਾ ਦੇ ਕਤਲ ਸਮੇਂ ਉਸ ਨੂੰ ਜ਼ਖਮੀ ਕਰਨ ਵਾਲਿਆਂ ਦੋ ਗਾਰਡਾਂ ਉਪਰ ਕੇਸ ਚਲਾਇਆ ਜਾਵੇ। ਯਾਦ ਰਹੇ ਕਿ ਰਾਸ਼ਟਰਪਤੀ ਉਨ੍ਹਾਂ ਦੀ ਅਪੀਲ ਰੱਦ ਕਰ ਚੁੱਕਾ ਹੈ। ਉਨ੍ਹਾਂ ਨੂੰ ਪੰਜ ਦਸੰਬਰ ਨੂੰ ਤਿਹਾੜ ਜੇਲ੍ਹ ਵਿਚ ਫਾਂਸੀ ਦਿੱਤੀ ਜਾਣੀ ਸੀ। ਹੁਣ ਸੁਪਰੀਮ ਕੋਰਟ ਦੇ ਨਵੇਂ ਹੁਕਮਾਂ ਅਨੁਸਾਰ, ਅਰਜ਼ੀ ਦੀ ਸੁਣਵਾਈ ਲਈ, ਦੋਸ਼ੀ ਸਤਵੰਤ ਸਿੰਘ ਅਤੇ ਦੋਸ਼ੀ ਕੇਹਰ ਸਿੰਘ ਦੀ ਫਾਂਸੀ ਇਕ ਵਾਰ ਫਿਰ ਅਗੇ ਪਾ ਦਿੱਤੀ ਹੈ।

## ਪੰਜਾਬ ਦੇ 50,000 ਲੋਕਾਂ ਨੂੰ ਰੁਜ਼ਗਾਰ

ਨਵੀਂ ਦਿੱਲੀ — ਪੰਜਾਬ ਵਿਚ ਲਾਏ ਜਾਣ ਵਾਲੇ ਪੈਪਸੀ ਕੋਲਾ ਪਲਾਂਟ ਨਾਲ ਪੰਜਾਬ ਦੇ 50,000 ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗੀ। ਇਹ ਸੂਚਨਾ ਪਾਰਲੀਮੈਂਟ ਵਿਚ ਸਬੰਧਤ ਮੰਤਰੀ ਨੇ ਦਿੱਤੀ।

ਪੈਪਸੀ ਕੋਲਾ ਅਮਰੀਕਾ ਦੀ ਕੰਪਨੀ ਹੈ।

## ਕ੍ਰਿਸਮਸ ਤੇ ਨਵੇਂ ਸਾਲ ਦਾ ਵਿਸ਼ੇਸ਼ ਅੰਕ

'ਕੈਨੇਡਾ ਦਰਪਣ' ਦਾ 21 ਦਸੰਬਰ ਦਾ ਅੰਕ 'ਕ੍ਰਿਸਮਸ ਤੇ ਨਵੇਂ ਸਾਲ ਦਾ ਵਿਸ਼ੇਸ਼ ਅੰਕ' ਹੋਵੇਗਾ ਜਿਸ ਦੀਆਂ ਤਿਆਰੀਆਂ ਹੁਣ ਤੋਂ ਸ਼ੁਰੂ ਹੋ ਗਈਆਂ ਹਨ। ਆਪਣੇ ਮਿਤਰਾਂ, ਸਨੇਹੀਆਂ ਨੂੰ ਸ਼ੁਭ ਇਛਾਵਾਂ ਦੇਣ ਲਈ 'ਕੈਨੇਡਾ ਦਰਪਣ' ਨਾਲ ਸੰਪਰਕ ਕਰੋ।

ਵਪਾਰੀ ਵੀਰਾਂ ਅੱਗੇ ਬੇਨਤੀ ਹੈ ਕਿ ਆਪਣੇ ਪੰਨੇ ਹੁਣ ਤੋਂ ਰੀਜ਼ਰਵ ਕਰਵਾ ਲਵੋ ਤਾਂਕਿ ਬਾਅਦ ਵਿਚ ਮਾਯੂਸ ਨਾ ਹੋਣਾ ਪਵੇ।

ਥਾਂ ਰੀਜ਼ਰਵ ਕਰਵਾਉਣ ਦੀ ਆਖਰੀ ਤਾਰੀਖ 17 ਦਸੰਬਰ ਹੋਵੇਗੀ। ਹਰ ਐਡ 17 ਦਸੰਬਰ ਤੱਕ ਪੁਜਣੀ ਜ਼ਰੂਰੀ ਹੈ।

ਅੱਜ ਹੀ ਫ਼ੋਨ ਕਰੋ :

581-4473


- ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ
- ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ
- ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ

**ਮਹਿਬੂਬ ਪਿਰਾਨੀ**

ਬੈਰਿਸਟਰ ਤੇ ਸੌਲਸਿਟਰ

ਨੂੰ ਮਿਲੋ

ਫ਼ੋਨ : 874-0204

**Beck, Robinson & Co.**

700-686 West Broadway Vancouver, B.C. V5X 1G6



## ਕਿਰਾਏ ਲਈ ਸੁਈਟ

ਇਕ ਬੈੱਡਰੂਮ ਦੀ ਨਵੀਂ ਨਿਕੋਰ ਬੇਸਮਿੰਟ ਸੁਈਟ ਬਰਨਬੀ ਵਿਚ ਕਿਰਾਏ ਲਈ ਖਾਲੀ ਹੈ। ਇਹ 16 ਐਵੇਨੀਊ ਦੇ ਨੇੜੇ ਹੈ। ਸਕੂਲ, ਹਸਪਤਾਲ, ਸ਼ਾਪਿੰਗ ਸੈਂਟਰ ਤੇ ਬੱਸ ਸਟਾਪ ਵੀ ਨੇੜੇ ਹਨ। ਡਰੇਪਸ, ਫਰਿਜ, ਸਟੋਵ ਵੀ ਸੁਈਟ ਵਿਚ ਹਨ।

ਚਾਹਵਾਨ ਸੱਜਣ ਅੱਜ ਹੀ ਫ਼ੋਨ ਕਰੋ :

525-7105





**Ph. 588-5808**

**9373 - 120 St., (Scott Rd.), Delta, B. C.**



**ਏ. ਸੀ. ਜਿਊਲਰਜ਼**

**ਬੰਬੇ ਸਵੀਟਸ ਮੈਨੂਫੈਕਚਰਰ ਇਨਕ**

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:

**NARESH SHUKLA & BROS.**


# ਅਮਰਜੀਤ ਸੋਹੀ ਦੀ ਰਿਹਾਈ ਦੀ ਮੰਗ

ਸੰਗਰੂਰ — ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲਾ ਸੰਗਰੂਰ ਇਕਾਈ ਨੇ ਸ੍ਰੀ ਅਮਰਜੀਤ ਸਿੰਘ ਸੋਹੀ ਦੀ ਬਿਹਾਰ ਪੁਲੀਸ ਵਲੋਂ ਝੂਠੇ ਕੇਸ ਪਾ ਕੇ ਕੀਤੀ ਗ੍ਰਿਫਤਾਰੀ ਅਤੇ ਬਾਅਦ ਵਿਚ ਅਤਿਵਾਦ ਵਿਰੋਧੀ ਕਾਨੂੰਨ ਲਗਾ ਕੇ ਉਸ ਨੂੰ ਜੇਲ੍ਹ ਵਿਚ ਸੁੱਟਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਅਮਰਜੀਤ ਸਿੰਘ ਸੋਹੀ 'ਤੇ ਪਾਏ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ ਅਤੇ ਉਸ ਨੂੰ ਰਿਹਾਅ ਕੀਤਾ ਜਾਵੇ । ਸ੍ਰੀ ਅਮਰਜੀਤ ਸਿੰਘ ਸੋਹੀ ਇਕ ਅਗਾਂਹਵਧੂ ਜਮਹੂਰੀ ਕਾਰਕੁਨ ਹੈ । ਉਹ ਲਗਪਗ ਪਿਛਲੇ ਛੇ ਮਹੀਨੇ ਤੋਂ ਕੈਨੇਡਾ ਤੋਂ ਵਾਪਸ ਆ ਕੇ ਲਗਾਤਾਰ ਜਮਹੂਰੀ ਅਧਿਕਾਰ ਸਭਾ, ਪੰਜਾਬ ਤੇ ਇਨਕਲਾਬੀ ਕੇਂਦਰ, ਪੰਜਾਬ ਦੀਆਂ ਸਰਗਰਮੀਆਂ ਵਿਚ ਹਿਸਾ ਲੈਂਦਾ ਰਿਹਾ ਹੈ ਇਕ ਲੋਕ ਪੱਖੀ ਸਾਹਿਤਕਾਰ ਤੇ ਕਲਾਕਾਰ ਦੇ ਤੌਰ 'ਤੇ ਉਹ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੀ ਡਰਾਮਾ ਟੀਮ ਵਿਚ ਕੰਮ ਕਰਨਾ ਸ਼ੁਰੂ ਕਰਨ ਵਾਲਾ ਹੀ ਸੀ । ਕੈਨੇਡਾ ਵਿਚ ਐਡਮਿਂਟਨ ਵਿਖੇ ਵੀ ਉਹ ਪੰਜਾਬ ਸਾਹਿਤ ਸਭਾ ਦਾ ਕਨਵੀਨਰ ਹੈ ਜਿਸ ਦਾ ਉਥੇ ਵੀ ਪੰਜਾਬ ਦੇ ਫਿਰਕੂ ਦਹਿਸ਼ਤਪਸੰਦਾਂ ਨਾਲ ਵਿਰੋਧ ਚਲਿਆ ਆ ਰਿਹਾ ਹੈ ।

ਜਦੋਂ ਆਤੰਕਵਾਦ ਵਿਰੋਧੀ ਕਾਨੂੰਨ ਬਣਾਇਆ ਜਾ ਰਿਹਾ ਸੀ, ਉਸ ਵੇਲੇ ਵੀ ਜਮਹੂਰੀ ਵਿਅਕਤੀਆਂ ਨੇ ਇਹ ਖਦਸ਼ਾ ਪ੍ਰਗਟ ਕੀਤਾ ਸੀ ਕਿ ਸਰਕਾਰ ਵਲੋਂ ਇਹ ਕਾਨੂੰਨ ਜਮਹੂਰੀ ਲਹਿਰਾਂ ਅਤੇ ਵਿਅਕਤੀਆਂ 'ਤੇ ਜਬਰ ਢਾਹੁਣ ਲਈ ਵਰਤਿਆ ਜਾਵੇਗਾ । ਪ੍ਰੰਤੂ ਸਰਕਾਰ ਨੇ ਇਹ ਭਰੋਸਾ ਦਿੱਤਾ ਸੀ ਕਿ ਇਹ ਕਾਨੂੰਨ ਸਿਰਫ ਫਿਰਕੂ ਦਹਿਸ਼ਤਗਰਦਾਂ ਵਿਰੁਧ ਹੀ ਵਰਤਿਆ ਜਾਵੇਗਾ । ਹੁਣ ਅਮਰਜੀਤ ਸਿੰਘ ਸੋਹੀ ਵਰਗੇ ਇਕ ਜਮਹੂਰੀ ਕਾਰਕੁਨ 'ਤੇ ਇਹ ਕਾਨੂੰਨ ਲਾ ਕੇ ਜੇਲ੍ਹ ਵਿਚ ਸੁੱਟਣ ਦੀ ਕਾਰਵਾਈ ਨੇ ਕਾਨੂੰਨ ਸੰਬੰਧੀ ਪ੍ਰਗਟਾਏ ਖਦਸ਼ਿਆਂ ਨੂੰ ਸੱਚ ਕਰ ਦਿੱਤਾ ਹੈ ।

ਬਿਹਾਰ ਪੁਲੀਸ ਨੇ ਸੋਹੀ 'ਤੇ ਨਾਜਾਇਜ਼ ਹਥਿਆਰ ਰੱਖਣ ਤੇ ਦਹਿਸ਼ਤਗਰਦਾਂ ਨੂੰ ਟਰੇਨਿੰਗ ਦੇਣ ਦੇ ਕੇਸ ਪਾਏ ਹਨ ਅਤੇ ਕਿਹਾ ਹੈ ਕਿ ਸ੍ਰੀ ਸੋਹੀ ਪੰਜਾਬ ਦਾ ਸਿਖ ਦਹਿਸ਼ਤਗਰਦ ਹੈ । ਜਮਹੂਰੀ ਅਧਿਕਾਰੀ ਸਭਾ ਦਾ ਵਿਚਾਰ ਹੈ ਕਿ ਇਸ ਕਾਰਵਾਈ ਕਾਰਨ ਇਸ ਭਾਵਨਾ ਨੂੰ ਹੋਰ ਬਲ ਮਿਲੇਗਾ ਕਿ ਕੋਈ ਵੀ ਪੰਜਾਬੀ, ਖਾਸ ਕਰਕੇ ਸਿੱਖ ਭਾਵੇਂ ਕਲੀਨਸ਼ੇਵਨ ਹੀ ਹੋਵੇ, ਪੰਜਾਬ ਤੋਂ ਬਾਹਰ ਸੁਰੱਖਿਅਤ ਨਹੀਂ ਹੈ ।


**■ BUYING ■ SELLING**

Free Evaluation For Your Property
Call any time
Without any obligation



Ph. Bus: 736-3831 Res: 434-8548
Pager 687-1985 #2229

**United Realty Ltd.**

3879 Oak Street, Vancouver, B.C. V6H 2M6

■ Auto Upholstery
■ Installations
■ Accessories
■ Service

**GILL VANS**
**Conversions & Accessories**




Bench Seats installed from .......... $300
Captain Chairs with swivel bases, custom made from ..... pr. $390
Sofa bed Deluxe from .......... $475
Bay Windows installed from .......... $99
Complete Van Interior from .......... $725
Raised Roof installed from .......... $850
Electric Sofa Bed .......... from $1299

**ਸਾਡੇ ਕੋਲ ਹਰ ਮਾਡਲ ਦੀਆਂ ਕਾਰਾਂ ਹਨ — ਦੇਖਣ ਲਈ ਅੱਜ ਹੀ ਪੁੱਜੋ — ਵਾਜਬ ਕੀਮਤਾਂ**

CALL **522-2122** COLLECT

**GILL AUTO SALES**




DLR #8220

7762 - Edmonds St., Burnaby, B.C.

OPEN MON.—FRI. 9 AM-8 PM — SAT. 9 AM-6 PM — SUN. 10 AM-4 PM

# ਪੰਜਾਬ ਵਿਚ ਵਕੀਲਾਂ ਦੀ ਹੜਤਾਲ

## ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ ਨਾ ਦਿੱਤੀ ਜਾਵੇ

ਚੰਡੀਗੜ੍ਹ — ਪੰਜਾਬ ਦੇ ਕਈ ਜ਼ਿਲਾ ਕੇਂਦਰਾਂ ਅਤੇ ਤਹਿਸੀਲ ਪੱਧਰ ਉਤੇ ਵਕੀਲਾਂ ਨੇ ਇਕ ਦਿਨ ਦੀ ਹੜਤਾਲ ਕੀਤੀ ਅਤੇ ਕਿਹਾ ਕਿ ਇੰਦਰਾ ਗਾਂਧੀ ਦੇ ਕਾਤਲਾਂ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ ਦੀ ਸਜ਼ਾ ਨਾ ਦਿੱਤੀ ਜਾਵੇ।

ਵਕੀਲਾਂ ਦੀ ਹੜਤਾਲ ਜਲੰਧਰ, ਨਵਾਂ ਸ਼ਹਿਰ, ਨਕੋਦਰ ਤੇ ਗੁਰਦਾਸਪੁਰ ਵਿਚ ਮੁਕੰਮਲ ਤੌਰ ਤੇ ਹੋਈ ਦੱਸੀ ਗਈ ਹੈ।

ਵਕੀਲਾਂ ਦਾ ਕਹਿਣਾ ਹੈ ਕਿ ਸਤਵੰਤ ਸਿੰਘ ਅਤੇ ਕਿਹਰ ਸਿੰਘ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾਵੇ।

ਵਕੀਲਾਂ ਨੇ ਚਿੱਠੀਆਂ ਅਤੇ ਤਾਰਾਂ ਰਾਹੀਂ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਇੰਦਰਾ ਗਾਂਧੀ ਦੇ ਕਾਤਲਾਂ ਦੀ ਜਾਨ ਬਖਸ਼ੀ ਜਾਵੇ।

ਪੰਨਾ 1 ਤੋਂ ਬਾਕੀ

### ਪੁਰਾਣਾ ਬਦੇਸ਼ ਮੰਤਰੀ

ਇਸ ਗੱਲ ਨੂੰ ਹਰ ਇਕ ਨੇ ਹੈਰਾਨੀ ਨਾਲ ਲਿਆ ਹੈ ਕਿ ਪ੍ਰਧਾਨ ਮੰਤਰੀ ਭੁੱਟੋ ਨੇ ਆਪਣਾ ਬਦੇਸ਼ ਮੰਤਰੀ ਪਹਿਲੀ ਸਰਕਾਰ ਵਾਲਾ ਹੀ ਲਿਆ ਹੈ। ਸਾਹਿਬਜ਼ਾਦ ਯਾਕੂਬ ਖਾਂ ਵਿਰੋਧ ਧਿਰ ਵਲੋਂ ਜਿੱਤ ਕੇ, ਪੀਪਲਜ਼ ਪਾਰਟੀ ਦੀ ਸਰਕਾਰ ਵਿਚ ਕਿਵੇਂ ਲੈ ਲਿਆ ਗਿਆ ਹੈ। ਭਾਵੇਂ ਕਿ ਬੇਨਜ਼ੀਰ ਵਲੋਂ ਇਸ ਬਾਰੇ ਕਿਹਾ ਗਿਆ ਹੈ ਕਿ ਉਹ ਪਹਿਲੀ ਬਦੇਸ਼ ਨੀਤੀ ਨੂੰ ਹੀ ਜਾਰੀ ਰੱਖਣਾ ਚਾਹੁੰਦੀ ਹੈ। ਕਿ ਅਫਗਾਨ ਸਮੱਸਿਆ ਦੇ ਸੰਬੰਧ ਵਿਚ ਯਾਕੂਬ ਖਾਂ ਦੇ ਤਜਰਬੇ ਤੋਂ ਲਾਭ ਉਠਾਉਣਾ ਚਾਹੁੰਦੀ ਹੈ। ਪਰ ਰਾਜਨੀਤਕ ਹਲਕੇ ਇਸ ਸਬੰਧੀ ਕਈ ਸ਼ੱਕਾਂ ਪ੍ਰਗਟ ਕਰ ਰਹੇ ਹਨ। ਯਾਦ ਰਹੇ ਕਿ ਯਾਕੂਬ ਖਾਂ ਨੂੰ 1981 ਵਿਚ ਅਮਰੀਕਾ ਵਿਚ ਰਾਜਦੂਤ ਦੇ ਅਹੁਦੇ ਤੋਂ ਬੁਲਾ ਕੇ ਬਦੇਸ਼ ਮੰਤਰੀ ਬਣਾਇਆ ਗਿਆ ਸੀ। ਉਸ ਦੇ ਅਮਰੀਕਨ ਰਾਜ ਪ੍ਰਬੰਧ ਨਾਲ ਬੜੇ ਨੇੜੇ ਦੇ ਸੰਬੰਧ ਦੱਸੇ ਜਾਂਦੇ ਹਨ।

### ਅਫਗਾਨ ਸਮੱਸਿਆ

ਪਾਕਿਸਤਾਨ ਦੀ ਪ੍ਰਧਾਨ ਮੰਤਰੀ ਨੇ ਆਸ ਪ੍ਰਗਟ ਕੀਤੀ ਹੈ ਕਿ ਛੇਤੀ ਹੀ ਅਫਗਾਨਸਤਾਨ ਵਿਚ ਸਾਰੀਆਂ ਧਿਰਾਂ ਦੀ ਸਾਂਝੀ ਸਰਕਾਰ ਬਣ ਸਕੇਗੀ ਅਤੇ ਪਾਕਿਸਤਾਨ ਵਿਚ ਰਫੀਊਜ਼ੀ ਦੇ ਰੂਪ ਵਿਚ ਰਹਿ ਰਹੇ ਪੰਜ ਲੱਖ ਅਫਗਾਨ ਵਾਪਸ ਜਾ ਸਕਣਗੇ।

### ਪਰਸਪਰ ਵਿਸ਼ਵਾਸ ਦੀ ਬਹਾਲੀ

ਮਿਸਜ਼ ਭੁੱਟੋ ਨੇ ਵਿਸ਼ਵਾਸ਼ ਪ੍ਰਗਟ ਕੀਤਾ ਕਿ ਉਹ ਜਨਤਾ ਦੇ ਸਹਿਯੋਗ ਨਾਲ ਆਪਣੀ ਭਾਰੀ ਜ਼ਿਮੇਂਵਾਰੀ ਨੂੰ ਨਿਭਾਉਣ ਵਿਚ ਸਫਲ ਹੋਵੇਗੀ। ਉਸ ਨੇ ਕਿਹਾ ਕਿ ਜੇਕਰ ਉਸ ਤੋਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਸ ਦੱਸਿਆ ਜਾਵੇ ਤਾਂ ਜੋ ਉਸ ਨੂੰ ਦਰੁਸਤ ਕੀਤਾ ਜਾ ਸਕੇ।

ਉਸ ਨੇ ਕਿਹਾ ਕਿ ਸਾਨੂੰ ਸੁਲਾਹ ਅਤੇ ਮੁਹੱਬਤ ਦਾ ਰਾਸਤਾ ਅਖਤਿਆਰ ਕਰਨਾ ਚਾਹੀਦਾ ਹੈ। ਉਸ ਨੇ ਕਿਹਾ ਕਿ ਸਾਡਾ ਰਾਹ ਕੋਈ ਆਸਾਨ ਨਹੀਂ ਹੈ। ਕੋਈ ਵੀ ਤਬਦੀਲੀ ਇਕਦਮ ਨਹੀਂ ਲਿਆਂਦੀ ਜਾ ਸਕਦੀ। ਤਬਦੀਲੀ ਲਿਆਉਣੀ ਬੜੀ ਜ਼ਰੂਰੀ ਹੈ ਪਰ ਇਹ ਹੌਲੀ ਹੌਲੀ ਹੀ ਲਿਆਂਦੀ ਜਾ ਸਕਦੀ ਹੈ।

# ਮੇਅਰ ਗੌਰਡਨ ਕੈਂਬਲ ਬੰਬੇ ਸਵੀਟਸ ਵਿਚ




ਬੰਬੇ ਸਵੀਟਸ ਦੇ ਮਾਲਕ ਸ੍ਰੀ ਨਰੇਸ਼ ਸ਼ੁਕਲਾ ਮੇਅਰ ਗੌਰਡਨ ਕੈਂਬਲ ਦਾ ਸੁਆਗਤ ਕਰਦੇ ਹੋਏ

ਵੈਨਕੂਵਰ — ਪਿਛਲੇ ਦਿਨੀਂ ਵੈਨਕੂਵਰ ਦੇ ਮੇਅਰ ਗੌਰਡਨ ਕੈਂਬਲ ਨੂੰ ਬੰਬੇ ਸਵੀਟਸ ਵਲੋਂ ਲੰਚ ਉਤੇ ਬੁਲਾਇਆ ਗਿਆ। ਇਸ ਸਮੇਂ ਭਾਰਤੀ ਕਮਿਊਨਿਟੀ ਦੇ ਚੋਣਵੇਂ ਬਿਜ਼ਨਸਮੈਨ ਉਥੇ ਪਹੁੰਚੇ ਹੋਏ ਸਨ।

ਬੰਬੇ ਸਵੀਟਸ ਦੇ ਮਾਲਕ ਸ੍ਰੀ ਨਰੇਸ਼ ਸ਼ੁਕਲਾ ਨੇ ਮੇਅਰ ਦਾ ਸੁਆਗਤ ਕਰਦਿਆਂ ਕਿਹਾ ਕਿ ਪੰਜਾਬੀ ਮਾਰਕਿਟ ਦੀਆਂ ਸਮੱਸਿਆਵਾਂ ਨੂੰ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇ। ਮੇਅਰ ਗੌਰਡਨ ਕੈਂਬਲ ਨੇ ਭਰੋਸਾ ਦਿਤਾ ਕਿ ਜਲਦੀ ਹੀ ਇਨ੍ਹਾਂ ਤਿੰਨਾਂ ਬਲਾਕਾਂ ਲਈ ਯੋਗ ਪ੍ਰਬੰਧ ਸਿਟੀ ਕੌਂਸਲ ਕਰੇਗੀ।

ਮੇਅਰ ਕੈਂਬਲ ਨਾਲ ਕੌਂਸਲ ਦੇ ਮੈਂਬਰ ਜੋਨਾਥਨ ਬੇਕਰ ਵੀ ਪਹੁੰਚੇ ਹੋਏ ਸਨ।

ਬੰਬੇ ਸਵੀਟਸ ਦੇ ਖਾਣੇ ਦੀ ਪ੍ਰਸੰਸਾ ਸਾਰੇ ਬਿਜ਼ਨਿਸਮੈਨਾਂ ਨੇ ਸ੍ਰੀ ਨਰੇਸ਼ ਸ਼ੁਕਲਾ ਨੂੰ ਦਿੱਤੀ।

# ਸਤਵੰਤ ਸਿੰਘ ਵਲੋਂ ਫਾਂਸੀ ਤੋਂ ਬਚਣ ਦਾ ਆਖਰੀ ਹੀਲਾ

ਨਵੀਂ ਦਿੱਲੀ — 5 ਦਸੰਬਰ ਨੂੰ ਇੰਦਰਾ ਗਾਂਧੀ ਦੇ ਕਤਲ ਵਿਚ ਫਾਂਸੀ ਦੀ ਸਜ਼ਾ ਖਾ ਚੁਕੇ ਸਤਵੰਤ ਸਿੰਘ ਵਲੋਂ ਫਾਂਸੀ ਤੋਂ ਬਚਣ ਦੇ ਆਖਰੀ ਹੀਲੇ ਵਜੋਂ ਮੁੜ ਇਕ ਅਰਜ਼ੀ ਦਾਇਰ ਕੀਤੀ ਗਈ ਹੈ ਕਿ ਇੰਡੋ-ਤਿਬਤੀਅਨ ਫੋਰਸ ਦੇ ਉਨ੍ਹਾਂ ਦੋਂਹ ਜਵਾਨਾਂ ਉਤੇ ਕੇਸ ਚਲਾਇਆ ਜਾਵੇ ਜਿਨ੍ਹਾਂ ਨੇ ਬੇਅੰਤ ਸਿੰਘ ਨੂੰ ਇੰਦਰਾ ਗਾਂਧੀ ਦੇ ਕਤਲ ਸਮੇਂ ਹੀ ਗੋਲੀਆਂ ਨਾਲ ਮਾਰ ਦਿੱਤਾ ਸੀ ਤੇ ਸਤਵੰਤ ਸਿੰਘ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਸੀ।

# ਪਾਕਿਸਤਾਨੀ ਤੋਂ 25 ਕਰੋੜ ਦਾ ਸੋਨਾ ਫੜਿਆ

ਬੰਬਈ — ਗੁਜਰਾਤ ਨਾਲ ਲਗਦੇ ਇਲਾਕੇ ਵਿਚੋਂ ਪੁਲਸ ਨੇ ਇਕ ਪਾਕਿਸਤਾਨੀ ਨਾਗਰਿਕ ਕੋਲੋਂ 25 ਕਰੋੜ ਰੁਪਏ ਮੁੱਲ ਦਾ ਸੋਨਾ ਫੜਿਆ ਹੈ। ਇਹ ਸੋਨਾ ਇਕ ਕਿਸ਼ਤੀ ਵਿਚ ਲਿਆਂਦਾ ਜਾ ਰਿਹਾ ਸੀ। ਇਹ ਕਿਸ਼ਤੀ ਇੰਡੀਆ ਕੋਸਟ ਗਾਰਡ ਨੇ ਫੜੀ।

ਇਸ ਕਿਸ਼ਤੀ ਵਿਚ ਅੱਠ ਮੈਂਬਰਾਂ ਦਾ ਗ੍ਰੋਹ ਸੀ ਜਦੋਂ ਪਾਕਿਸਤਾਨ ਤੋਂ ਸੋਨਾ ਭਾਰਤ ਵਿਚ ਸਮਗਲ ਕਰ ਰਿਹਾ ਸੀ। ਕੋਸਟ ਗਾਰਡਾਂ ਵਲੋਂ ਉਸ ਸਮੇਂ ਗੋਲੀ ਚਲਾਈ ਗਈ ਜਦੋਂ ਕਿਸ਼ਤੀ ਵਿਚ ਸਵਾਰ ਸਮਗਲਰਾਂ ਨੇ ਕਿਸ਼ਤੀ ਨੂੰ ਵਾਪਸ ਮੋੜਨ ਦੀ ਕੋਸ਼ਿਸ਼ ਕੀਤੀ। ਪਾਕਿਸਤਾਨੀ ਸਮਗਲਰ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਉਸ ਦੀ ਹਾਲਤ ਨਾਜ਼ਕ ਦੱਸੀ ਗਈ ਹੈ।

UJJAL DOSANJH
LAWYER
#202—5887 VICTORIA DRIVE,
VANCOUVER, B.C. V5P 3W5

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :
ਉਜੱਲ ਦੁਸਾਂਝ
PHONE 327-6381

MATRIMONIAL

Suitable Match for Jat Sikh girl 27, 5'6" tall, pretty, software specialist, employed.

ਜੱਟ ਸਿੱਖ ਘਰਾਣੇ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦੀ ਉਮਰ 27 ਸਾਲ ਹੈ, ਕੱਦ 5 ਫੁੱਟ 6 ਇੰਚ ਹੈ। ਲੜਕੀ ਖੂਬਸੂਰਤ ਹੈ। ਕੰਪਿਊਟਰ ਦੀ ਸਪੈਸ਼ਲਿਸਟ ਹੈ ਤੇ ਚੰਗੀ ਤਨਖਾਹ ਲੈਂਦੀ ਹੈ।

ਖਤ ਇਸ ਪਤੇ ਤੇ ਲਿਖੋ :

KSD - 202
C/o CANADA DARPAN
P.O.BOX 265
SURREY, B.C. V3T 4W8

# GOYAL THE VIDEO KING

**4160 FRASER ST., VANCOUVER, B.C. TEL: [604] 877-7778**

.... SERVING YOU SINCE 1979



ਰਾਜਿੰਦਰ ਗੋਇਲ

## Guaranteed Low Prices on

# Panasonic

## ਵੀਡੀਓ ਮਸ਼ੀਨ




PV-2800B-K

**$429.95**

## ਮਾਈਕਰੋਵੇਵ ਓਵਨ



NN- 6708 *the Genius*

ਫੈਮਿਲੀ ਸਾਈਜ਼ ਮਾਈਕਰੋਵੇਵ ਓਵਨ 700 ਵਾਟਸ

**$420**

## ਇੰਡੀਆ ਜਾ ਰਹੇ ਹੋ ?

ਵੀਡੀਓ ਮਸ਼ੀਨਾਂ, ਟੀ. ਵੀ., ਬਲੈਂਡਰ, ਮਾਈਕਰੋਵੇਵ ਓਵਨ, ਪ੍ਰੈਸ, ਗਰਾਈਂਡਰ, ਹੀਟਿੰਗ ਪੈਡ, ਰੀਚਾਰਜਏਬਲ ਫਲੈਸ਼ਲਾਈਟਾਂ, ਬੈਟਰੀ, ਚਾਰਜਰ, ਰੇਡੀਓ ਕੈਸਟ ਰੀਕਾਰਡਰ ਸਾਥੋਂ ਵਾਜਬ ਕੀਮਤਾਂ 'ਤੇ ਖ਼ੀਦੋ

## ਪੈਨਾਸੌਨਿਕ ਉਤੇ ਕੀਮਤਾਂ ਦੀ ਛਾਂਟੀ

MAIL ORDERS ACCEPTED

ਸੂਟਕੇਸ ਸੂਟਕੇਸ ਸੂਟਕੇਸ

## ਘਰ 'ਚ ਵਿਆਹ ਹੈ ?

ਸੈਮਸੋਨਾਈਟ ਦਾ ਸਾਮਾਨ ਆਪਣੀਆਂ ਧੀਆਂ/ਨੂੰਹਾਂ ਲਈ ਗਿਫ਼ਟ ਵਜੋਂ ਖਰੀਦੋ

## RELEASED OR RELEASING:

ਪਾਕਿਸਤਾਨੀ ਪੰਜਾਬੀ

**ਸ਼ੇਰ ਬਹਾਦਰ**

- ਅੰਜੁਮਨ
- ਸੁਲਤਾਨ ਰਾਹੀ

ਬੀ. ਆਰ. ਚੋਪੜਾ ਦਾ ਐਪਿਕ ਸੀਰੀਅਲ

**ਮਹਾਂ ਭਾਰਤ** 1+2+3

ਛੇਤੀ ਹੀ

**ਰਾਜ ਬੱਬਰ**

ਕਮਾ-ਓ-ਕਮਾ 'ਬੇ

**ਟੋਕੋ ਫੋਗੋ ਨਾਈਟ - II**

ਲਾਈਵ ਸ਼ੋਅ

— ਸਤਰੂਘਨ ਸਿਨਹਾ, ਮੰਦਾਕਿਨੀ ਆਦਿ

ਕੁਲੈਕਟਰ ਆਈਟਮਾਂ

**ਗੋਲਡਨ ਆਵਾਜ਼ਾਂ**

— ਕੇ ਐਲ ਸਹਿਗਲ, ਸੁਰੱਈਆ, ਤਲਤ ਮਹਿਮੂਦ, ਹੇਮੰਤ ਕੁਮਾਰ

ਛੇਤੀ ਹੀ

ਅਮਿਤਾਭ - ਮਿਥੁਨ

**ਗੰਗਾ ਜਮੁਨਾ ਸਰਸਵਤੀ**

ਛੇਤੀ ਹੀ ਸਾਗਰ ਦੀ

**ਰਾਮਾਇਣ (ਕਹਾਣੀ ਚਲਦੀ ਹੈ)**

ਅਰੁਣ ਗੋਇਲ - ਰਾਮ - ਦੀਪਿਕਾ - ਸੀਤਾ

- ਮਿਥੁਨ - ਫਰਹਾ - ਕਿਮੀ ਕਾਟਕਰ

**ਮੇਰੀ ਜ਼ਬਾਨ**

## ਨਵੇਂ ਪਾਕਿਸਤਾਨੀ ਡਰਾਮੇ

• ਖਾਲਿਸ਼ • ਨਿਗਾਰਖਾਨਾ • ਸੀੜ੍ਹੀਆਂ • ਯੈਸ ਸਰ ਈਦ ਨੋ ਸਰ ਈਦ • ਨਹਿਲੇ ਪੇ ਦਹਿਲਾ • ਤਨਹਾਈਆਂ • ਪਰਛਾਈਆਂ • ਕਾਵਿਸ਼ • ਦਰਵਾਜਾ • ਧੂਪ ਕਿਨਾਰੇ • ਖੁਦਾ ਕੀ ਬਸਤੀ • ਬੰਦਿਸ਼ • ਬੰਦ ਗਲੀ • ਵਕਤ • ਰਾਤ • ਸਾਤੂਨ • ਫੈਸਲੇ • ਆਂਨਾ • ਛੋਟੀ ਸੀ ਦੁਨੀਆਂ • ਖਲੀਜ਼ • ਹਵੇਲੀ (ਪੰਜਾਬੀ) • ਅੱਜ ਦੀ ਕਹਾਣੀ • ਰਾਗੋਂ ਮੇਂ ਅੰਧੇਰਾ • ਕਾਰਵਾਂ • ਅਣਕਹੀ • ਵਾਰਿਸ • ਸੋਨਾ ਚਾਂਦੀ • ਆਸਮਾਨ • ਖਵਾਜ਼ਾ ਐਂਡ ਸਨਜ਼ • ਸ਼ਕਸਤੇ - ਆਰਜ਼ੂ • ਅਬਾਬੀਲ • ਭੰਡਾਰ • ਦਸਤਕ • ਅਫਸਾਨ • ਛਾਓਂ • ਸਰਾਬ • ਤੋਤਾ ਮੈਨਾ • ਸ਼ੋਅ ਟਾਈਮ

# ਆਹ ! ਕਾ: ਪਿਆਰਾ ਸਿੰਘ ਬਾਸੀ



ਕਾਮਰੇਡ ਪਿਆਰਾ ਸਿੰਘ ਬਾਸੀ ਸਾਡੇ ਕੋਲੋਂ 30 ਨਵੰਬਰ 1988 ਨੂੰ, ਹਮੇਸ਼ਾਂ ਹਮੇਸ਼ਾਂ ਲਈ ਵਿਛੜ ਗਏ। ਉਨ੍ਹਾਂ ਦਾ ਇਹ ਵਿਛੋੜਾ ਦਿਲ ਦੀ ਧੜਕਣ ਬੰਦ ਹੋਣ ਕਾਰਨ ਹੋਇਆ ਹੈ। ਉਨ੍ਹਾਂ ਦੇ ਇਸ ਵਿਛੋੜੇ ਦੀ ਖਬਰ ਸਾਰੇ ਲੋਇਰ ਮੇਨਲੈਂਡ ਵਿਚ ਛੇਤੀ ਹੀ ਫੈਲ ਗਈ।

ਪਿਆਰਾ ਸਿੰਘ ਬਾਸੀ ਦਾ ਜਨਮ 2 ਫਰਵਰੀ 1938 ਨੂੰ ਪਿੰਡ ਬਡਾਲਾ ਜ਼ਿਲਾ ਜਲੰਧਰ ਵਿਖੇ ਹੋਇਆ। ਉਨ੍ਹਾਂ ਆਪਣੀ ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤੀ ਕੀਤੀ ਅਤੇ ਫਿਰ ਡੀ. ਏ. ਵੀ. ਕਾਲਜ ਜਲੰਧਰ ਵਿਚ ਵਿਦਿਆ ਪ੍ਰਾਪਤ ਕੀਤੀ। ਉਹ ਆਪਣੇ ਸਕੂਲ ਅਤੇ ਕਾਲਜ ਦੇ ਸਮੇਂ ਵਧੀਆ ਐਥਲੀਟ ਸਨ। ਉਹ ਪੰਜਾਬ ਦੀ ਇੰਟਰ ਯੂਨੀਵਰਸਿਟੀ ਦੀ ਫੁਟਬਾਲ ਟੀਮ ਦੇ ਮੈਂਬਰ ਸਨ।

ਉਨ੍ਹਾਂ ਦਾ ਮੁੱਢ ਤੋਂ ਹੀ ਝੁਕਾ ਅਗੇ ਵਧੂ ਵਿਚਾਰਾਂ ਵੱਲ ਸੀ। ਇਸ ਦਾ ਕਾਰਨ ਉਨ੍ਹਾਂ ਦੇ ਪਿੰਡ ਦਾ ਰਾਜਸੀ ਸਰਗਰਮੀਆਂ ਵਿਚ ਅਹਿਮ ਸਥਾਨ ਸੀ। ਕਮਿਊਨਿਸਟ ਆਗੂ ਅਤੇ ਸੀ. ਪੀ. ਆਈ. (ਮ) ਦੀ ਪੋਲਿਟ ਬੀਊਰੋ ਦੇ ਮੈਂਬਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਉਨ੍ਹਾਂ ਉਪਰ ਮੁੱਢ ਤੋਂ ਹੀ ਪ੍ਰਭਾਵ ਸੀ।

1962 ਵਿਚ ਉਹ ਇੰਗਲੈਂਡ ਆ ਗਏ, ਜਿਥੇ ਬਹੁਤਾ ਸਮਾਂ ਉਹ ਨੌਟੀਗਮ ਵਿਚ ਰਹੇ। ਇਥੇ ਰਹਿੰਦਿਆਂ ਉਨ੍ਹਾਂ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗਰੇਟ ਬ੍ਰਿਟਿਨ) ਵਿਚ ਸਰਗਰਮੀ ਨਾਲ ਕੰਮ ਕੀਤਾ। ਉਸ ਦੇ ਨਾਲ ਹੀ ਉਹ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਦੇ ਮੈਂਬਰ ਵੀ ਰਹੇ। ਉਨ੍ਹਾਂ ਦੇ ਵੱਡੇ ਭਰਾ ਕਰਨੈਲ ਸਿੰਘ ਇੰਗਲੈਂਡ ਵਿਚ ਸੀ. ਪੀ. ਆਈ (ਮ) ਅਤੇ IWA ਦੇ ਸਰਗਰਮ ਮੈਂਬਰ ਹਨ।

ਪਾਰਟੀ ਵਿਚ ਵੰਡ ਪੈਣ ਉਪਰ ਉਹ ਸੀ ਪੀ ਆਈ (ਮ) ਨਾਲ ਆ ਗਏ ਅਤੇ ਫਿਰ ਨਕਸਲਵਾੜੀਆਂ ਦੀ ਵਿਚਾਰਧਾਰਾ ਤੋਂ ਨਿਖੇੜਾ ਕਰਦਿਆਂ, ਉਹ ਮਾਰਕਸੀ ਪਾਰਟੀ ਦੇ ਨਾਲ ਡਟ ਕੇ ਖੜੇ ਰਹੇ। ਜਗਮੋਹਣ ਜੋਸ਼ੀ ਵਰਗੇ ਉਸ ਦੇ ਮਿੱਤਰ ਨਕਸਲੀ ਲਹਿਰ ਵਿਚ ਚਲੇ ਗਏ। ਸੀ. ਪੀ. ਆਈ (ਮ) ਨਾਲ ਉਨ੍ਹਾਂ ਦੀ ਸੁਹਿਰਦਤਾ ਅਤੇ ਪ੍ਰਤੀਬੱਧਤਾ ਕਿਸੇ ਕਿੰਤੂ ਤੋਂ ਰਹਿਤ ਸੀ।

1968 ਵਿਚ ਉਹ ਇੰਗਲੈਂਡ ਤੋਂ ਕੈਨੇਡਾ ਆ ਗਏ। ਇਥੇ ਉਨ੍ਹਾਂ ਮਸ਼ੀਨਿਸਟ ਦਾ ਕੰਮ ਕੀਤਾ। ਇਸ ਕੰਮ ਵਿਚ ਉਹ ਪੂਰੀ ਤਰ੍ਹਾਂ ਕੁਆਲੀਫਾਈਡ ਸਨ।

1976 ਵਿਚ ਲੋਕਤਾ ਅਤੇ 1977 ਵਿਚ ਈਸਟ ਇੰਡੀਅਨ ਵਰਕਰਜ਼ ਐਸੋ: ਦੀ ਸਥਾਪਨਾ ਦੇ ਮੋਢੀ ਮੈਂਬਰਾਂ ਵਿਚੋਂ ਸਨ। ਉਨ੍ਹਾਂ ਨੇ ਆਪਣੀਆਂ ਰਾਜਨੀਤਕ ਸਰਗਰਮੀਆਂ ਇਨ੍ਹਾਂ ਦੋਵਾਂ ਅਦਾਰਿਆਂ ਦੇ ਨਾਲ ਜੁੜ ਕੇ ਜਾਰੀ ਰੱਖੀਆਂ।

ਉਹ ਭਾਰਤ ਦੀ ਏਕਤਾ, ਅਤੇ ਅਖੰਡਤਾ ਦੇ ਜ਼ਬਰਦਸਤ ਸਮਰਥਕ ਸਨ। ਉਹ ਖਾਲਿਸਤਾਨ ਦੀ ਵੱਖਵਾਦੀ ਵਿਚਾਰਧਾਰਾ ਦੇ ਕੱਟੜ ਵਿਰੋਧੀ ਸਨ। ਉਹ ਮਾਰਕਸੀ ਪਾਰਟੀ ਦੀਆਂ ਨੀਤੀਆਂ ਦੇ ਨਾਲ ਖੜੇ ਸਨ। ਕੈਨੇਡਾ ਵਿਚ ਮਾਰਕਸੀ ਵਿਚਾਰਾਂ ਦੇ ਸਾਥੀਆਂ ਦੇ ਗਰੁੱਪ ਦੇ ਉਹ ਕੇਂਦਰੀ ਜਥੇਬੰਦਕ ਧੁਰੇ ਸਨ।

ਕੈਨੇਡਾ ਵਿਚ ਉਹ ਸਾਥੀਆਂ ਨਾਲ ਮਿਲਕੇ ਸਾਲਾਨਾ ਅਮਨ ਮਾਰਚ ਵਿਚ ਹਰ ਸਾਲ ਪ੍ਰਵਾਰ ਸਮੇਤ ਭਾਗ ਲੈਂਦੇ ਰਹੇ। ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁਧ, ਫਿਲਸਤੀਨੀਆਂ ਦੇ ਸੰਘਰਸ਼ ਦੇ ਸਮਰਥਕਾਂ ਵਿਚ ਅਤੇ ਹਰ ਅਗੇਵਧੂ ਲਹਿਰ ਵਿਚ ਉਨ੍ਹਾਂ ਆਪਣਾ ਹਿਸਾ ਪਾਇਆ। ਉਨ੍ਹਾਂ ਐਸੋਸੀਏਸ਼ਨ ਦੇ ਨਾਲ ਮਿਲ ਕੇ ਵੈਨਕੂਵਰ ਵਿਚ 'ਕੋਪ' ਅਤੇ ਸਰੀ ਵਿਚ 'ਸਰੀ ਕੋਪ' ਦੀ ਮਿਉਂਸਪਲ ਚੋਣਾਂ ਵਿਚ ਹਰ ਸਮੇਂ ਸਰਗਰਮੀ ਨਾਲ ਮੱਦਦ ਕੀਤੀ।

ਉਨ੍ਹਾਂ ਦੀ ਸੁਪਤਨੀ ਬੀਬੀ ਸ਼ਮਿੰਦਰ ਕੌਰ ਬਾਸੀ ਅਤੇ ਉਨ੍ਹਾਂ ਦੇ ਦੋ ਸਪੁੱਤਰ ਬਲਜੀਤ ਸਿੰਘ ਅਤੇ ਨਵਤੇਜ ਸਿੰਘ ਹਨ, ਜੋ ਹਮੇਸ਼ਾਂ ਹੀ ਉਨ੍ਹਾਂ ਦੇ ਨਾਲ ਹਰ ਜਲਸੇ ਜਲੂਸ ਵਿਚ ਜਾਂਦੇ ਰਹੇ ਹਨ।

ਕਾਮਰੇਡ ਬਾਸੀ ਦਾ ਵਿਛੋੜਾ ਅਤੀ ਦੁਖਦਾਈ ਹੈ। ਉਹ ਸਿਰਫ 50 ਵਰ੍ਹਿਆਂ ਦੀ ਉਮਰ ਦੇ ਹੀ ਸਨ।

## ਲੋਕਤਾ ਵਲੋਂ ਸ਼ਰਧਾਂਜਲੀ

ਮਾਸਕ ਲੋਕਤਾ ਦੇ ਪ੍ਰਬੰਧਕੀ ਬੋਰਡ ਨੇ ਇਕ ਐਮਰਜੈਂਸੀ ਮੀਟਿੰਗ ਕਰਕੇ ਕਾ: ਪਿਆਰਾ ਸਿੰਘ ਬਾਸੀ ਦੇ ਦਿਲ ਦਾ ਦੌਰਾ ਪੈਣ ਕਾਰਨ ਹੋਏ ਵਿਛੋੜੇ ਉਪਰ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

ਬੋਰਡ ਨੇ ਉਨ੍ਹਾਂ ਦੇ ਲੋਕਤਾ ਨੂੰ ਲਗਾਤਾਰ ਜਾਰੀ ਰੱਖਣ ਵਿਚ ਪਾਏ ਵਡਮੁੱਲੇ ਹਿੱਸੇ ਨੂੰ ਨੋਟ ਕਰਦਿਆਂ ਉਨ੍ਹਾਂ ਦੇ ਯੋਗਦਾਨ ਦੀ ਪ੍ਰਸੰਸਾ ਕੀਤੀ। ਉਨ੍ਹਾਂ ਨੇ ਲੋਕਤਾ ਦੇ ਆਰੰਭ ਹੋਣ ਤੋਂ ਲੈ ਕੇ ਹੁਣ ਤੱਕ ਖੁੱਲ੍ਹੇ ਦਿਲ ਨਾਲ ਮਾਇਕ ਸਹਾਇਤਾ ਕੀਤੀ। ਇਹੋ ਹੀ ਨਹੀਂ ਉਨ੍ਹਾਂ ਬਾਹਰ ਦੇ ਸ਼ਹਿਰਾਂ ਤੋਂ ਅਤੇ ਵੈਨਕੂਵਰ ਵਿਚੋਂ ਅਨੇਕਾਂ ਸਨੇਹੀਆਂ ਤੋਂ ਲੋਕਤਾ ਲਈ ਫੰਡ ਇਕੱਠਾ ਕਰਨ ਵਿਚ ਹਮੇਸ਼ਾ ਹੀ ਸਹਿਯੋਗ ਦਿੱਤਾ।

ਉਹ ਲੋਕਤਾ ਦੇ ਪਬਲਿਸ਼ਰ ਦੇ ਤੌਰ ਉਪਰ ਹੁਣ ਲੋਕਤਾ ਦੇ ਪ੍ਰਬੰਧਕੀ ਬੋਰਡ ਦੀਆਂ ਜ਼ਿੰਮੇਂਵਾਰੀਆਂ ਨਿਭਾ ਰਹੇ ਸਨ।

ਲੋਕਤਾ ਬੋਰਡ ਨੂੰ ਆਸ ਹੈ ਕਿ ਉਨ੍ਹਾਂ ਦੇ ਮਿੱਤਰ, ਸਨੇਹੀ ਅਤੇ ਰਿਸ਼ਤੇਦਾਰ ਜਿਹੜੇ ਕਾ: ਬਾਸੀ ਰਾਹੀਂ ਲੋਕਤਾ ਦੀ ਲਗਾਤਾਰ ਮਾਇਕ ਸਹਾਇਤਾ ਕਰਦੇ ਹਨ ਏਸੇ ਤਰ੍ਹਾਂ ਹੀ ਕਰਦੇ ਰਹਿਣਗੇ।

ਲੋਕਤਾ ਬੋਰਡ ਕਾਮਰੇਡ ਬਾਸੀ ਦੇ ਇਸ ਬੇਵਕਤ ਵਿਛੋੜੇ ਉਪਰ ਡੂੰਘਾ ਦੁੱਖ ਮਹਿਸੂਸ ਕਰਦਾ ਹੋਇਆ ਇਹ ਨਿਸਚਾ ਕਰਦਾ ਹੈ ਕਿ ਲੋਕਤਾ ਨੂੰ ਲਗਾਤਾਰ ਜਾਰੀ ਰੱਖਣ ਵਿਚ ਆਪਣੇ ਯਤਨਾਂ ਨੂੰ ਹੋਰ ਵੀ ਸੰਜੀਦਗੀ ਅਤੇ ਜ਼ਿਮੇਂਵਾਰੀ ਨਾਲ ਜਾਰੀ ਰੱਖੇਗਾ।

ਲੋਕਤਾ ਬੋਰਡ ਕਾ: ਪਿਆਰਾ ਸਿੰਘ ਬਾਸੀ ਦੇ ਪਰਵਾਰ ਨਾਲ ਉਨ੍ਹਾਂ ਦੇ ਇਸ ਕਦੇ ਨਾ ਪੂਰਾ ਹੋਣ ਵਾਲੇ ਘਾਟੇ ਦੇ ਸਮੇਂ ਦਿਲੋਂ ਹਮਦਰਦੀ ਜ਼ਾਹਰ ਕਰਦਾ ਹੈ ਅਤੇ ਕਾ: ਬਾਸੀ ਦੇ ਲੋਕਤਾ ਨੂੰ ਆਰੰਭ ਕਰਨ ਅਤੇ ਜਾਰੀ ਰੱਖਣ ਵਿਚ ਦਿਤੇ ਹਰ ਸਹਿਯੋਗ ਨੂੰ ਸਤਿਕਾਰ ਨਾਲ ਦੇਖਦਾ ਹੋਇਆ, ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹੈ।

## ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸ਼ਰਧਾਂਜਲੀ

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਨੇ ਇਕ ਸਪੈਸ਼ਲ ਮੀਟਿੰਗ ਵਿਚ ਕਾ: ਪਿਆਰਾ ਸਿੰਘ ਬਾਸੀ ਦੇ ਦਿਹਾਂਤ ਹੋ ਜਾਣ ਉਪਰ ਡੂੰਘਾ ਦੁੱਖ ਜ਼ਾਹਰ ਕੀਤਾ ਹੈ।




ਖੱਬੇ ਤੋਂ ਸੱਜੇ — ਮਰਹੂਮ ਕਾ: ਪਿਆਰਾ ਸਿੰਘ ਬਾਸੀ, ਕਾ: ਹਰਕਿਸ਼ਨ ਸਿੰਘ ਸੁਰਜੀਤ, ਸੀ. ਪੀ. (ਮ) ਜਨਰਲ ਸਕੱਤਰ ਕਾ: ਨੰਬੂਦਰੀਪਾਦ, ਕਾ: ਵਾਸਵਾ ਪੁੰਨਈਆ, ਪੱਛਮੀ ਬੰਗਾਲ ਦੇ ਮੁਖ ਮੰਤਰੀ ਕਾ: ਜੋਤੀ ਬਾਸੂ ਅਤੇ ਇਕ ਹੋਰ ਕੇਂਦਰੀ ਕਮੇਟੀ ਦਾ ਮੈਂਬਰ।
(ਇਹ ਫੋਟੋ ਸੀ. ਪੀ. ਆਈ. (ਮ) ਦੀ 12ਵੀਂ ਪਾਰਟੀ ਕਾਂਗਰਸ ਸਮੇਂ ਕਲਕੱਤਾ ਸਮੇਂ ਦੀ ਹੈ

ਕਾਮਰੇਡ ਪਿਆਰਾ ਸਿੰਘ ਬਾਸੀ, ਐਸੋਸੀਏਸ਼ਨ ਦੀ ਸਥਾਪਨਾ ਕਰਨ ਵਾਲੇ ਮੁਢਲੇ ਮੈਂਬਰਾਂ ਵਿਚੋਂ ਸਨ। ਉਹ ਐਸੋ: ਦੇ ਪਹਿਲੇ ਜਨਰਲ ਸੈਕਟਰੀ ਸਨ। ਫਿਰ ਉਹ ਇਸ ਦੇ ਸੀਨੀਅਰ ਵਾਈਸ ਪ੍ਰੇਜੀਡੈਂਟ ਵੀ ਰਹੇ। ਇਸ ਸਮੇਂ ਉਹ ਇਸ ਦੀ ਸੈਂਟਰਲ ਆਰਗੇਨਾਈਜ਼ੇਸ਼ਨ ਦੀ ਕੌਮੀ ਕਮੇਟੀ ਦੇ ਮੈਂਬਰ ਸਨ।

ਕਾ: ਬਾਸੀ ਨੇ ਐਸੋ: ਦੇ ਹਰ ਪ੍ਰੋਗਰਾਮ ਅਤੇ ਸਮਾਗਮ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਪਿਛਲੇ ਕੁਝ ਸਮੇਂ ਵਿਚ ਐਸੋ: ਵਲੋਂ, ਭਾਰਤ ਨੂੰ ਵੰਡਣ ਦੀ ਸਾਮਰਾਜੀ ਸਾਜ਼ਸ਼ ਦੀ ਖਾਲਿਸਤਾਨੀ ਲਹਿਰ ਦਾ ਡਟ ਕੇ ਵਿਰੋਧ ਕੀਤਾ। ਇਸ ਵਿਰੁਧ ਕੀਤੇ ਜਲਸਿਆਂ ਦਾ ਪ੍ਰਬੰਧ ਕਰਨ ਵਿਚ ਉਹ ਹਮੇਸ਼ਾ ਅਗੇ ਰਹੇ।

ਵੈਨਕੂਵਰ ਵਿਚ ਭਾਰਤੀ ਕਮਿਊਨਿਟੀ ਨੂੰ ਪੇਸ਼ ਬੇਸਮੈਂਟਾਂ ਦੀ ਸਮੱਸਿਆ ਦੇ ਸੰਬੰਧ ਵਿਚ ਐਸੋ: ਵਲੋਂ ਕੀਤੀਆਂ ਸਰਗਰਮੀਆਂ, ਪਬਲਿਕ ਮੀਟਿੰਗਾਂ ਨੂੰ ਜਥੇਬੰਦ ਕਰਨ ਵਿਚ, ਮਿਉਂਸਪਲ ਚੋਣਾਂ ਵਿਚ, ਅਮਨ ਲਹਿਰ ਵਿਚ, ਫਾਰਮ ਵਰਕਰਜ਼ ਯੂਨੀਅਨ ਦੀ ਸਹਾਇਤਾ ਆਦਿ ਲਈ ਉਹ ਸਦਾ ਹੀ ਸਹਿਯੋਗ ਦਿੰਦੇ ਰਹੇ।

ਈ: ਇੰ: ਵਰਕਰਜ਼ ਐਸੋ: ਆਫਿ ਕੈਨੇਡਾ ਕਾਮਰੇਡ ਪਿਆਰਾ ਸਿੰਘ ਬਾਸੀ ਦੇ ਸਦੀਵੀ ਵਿਛੋੜੇ ਦੇ ਦੁਖਦਾਈ ਸਮੇਂ ਉਨ੍ਹਾਂ ਦੇ ਪਰਵਾਰ ਅਤੇ ਰਿਸ਼ਤੇਦਾਰਾਂ ਨਾਲ ਦਿਲੋਂ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ। ਅਤੇ ਕਾ: ਬਾਸੀ ਦੀ ਯਾਦ ਵਿਚ ਮਜ਼ਦੂਰ ਜਮਾਤ ਦਾ ਲਾਲ ਝੰਡਾ ਝੁਕਾ ਕੇ ਸ਼ਰਧਾਂਜਲੀ ਭੇਂਟ ਕਰਦੀ ਹੈ।

## ਕਾ: ਸੁਰਜੀਤ ਵਲੋਂ ਸ਼ਰਧਾਂਜਲੀ

ਨਵੀਂ ਦਿੱਲੀ — ਫੂਨ ਰਾਹੀਂ ਖਬਰ ਮਿਲੀ ਹੈ ਕਿ ਜਦੋਂ ਮਾਰਕਸੀ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਕਾ: ਪਿਆਰਾ ਸਿੰਘ ਬਾਸੀ ਦੀ ਦੁਖਦਾਈ ਮੌਤ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਡੂੰਘੇ ਦੁੱਖ ਦਾ ਪ੍ਰਗਟਾ ਕੀਤਾ। ਉਨ੍ਹਾਂ ਕਿਹਾ ਕਿ ਪਿਆਰਾ ਸਿੰਘ ਪਾਰਟੀ ਦਾ ਵਫਾਦਾਰ ਸਿਪਾਹੀ ਸੀ। ਉਹ ਕੈਨੇਡਾ ਵਿਚ ਪਾਰਟੀ ਦੀਆਂ ਨੀਤੀਆਂ ਦਾ ਪਰਚਾਰ ਕਰਨ ਵਾਲੇ ਲੋਕਾਂ ਵਿਚੋਂ ਇਕ ਸੀ। ਸਾਥੀ ਸੁਰਜੀਤ ਨੇ ਉਨ੍ਹਾਂ ਦੇ ਪਰਵਾਰ ਨਾਲ ਇਸ ਦੁਖ ਦੀ ਘੜੀ ਵਿਚ ਡੂੰਘੀ ਹਮਦਰਦੀ ਦਾ ਪ੍ਰਗਟਾ ਕੀਤਾ ਹੈ।

## ਸੰਸਕਾਰ ਬਾਰੇ ਸੂਚਨਾ

ਕਾ: ਪਿਆਰਾ ਸਿੰਘ ਬਾਸੀ ਦਾ ਅੰਤਮ ਸੰਸਕਾਰ 13288-108 ਐਵੇਨਿਊ ਸਰੀ ਉਤੇ 10 ਦਸੰਬਰ 1988 ਨੂੰ ਸਵੇਰ ਦੇ 10 ਵਜੇ AVOLAN FUNRAL HOME ਵਿਚ ਹੋਵੇਗਾ। ਉਨ੍ਹਾਂ ਦੀ ਦੇਹ ਉਥੇ ਅੰਤਮ ਦਰਸ਼ਨਾਂ ਲਈ ਰੱਖੀ ਜਾਵੇਗੀ। ਅਤੇ ਉਸ ਤੋਂ ਪਿਛੋਂ ਸਸਕਾਰ ਦੀ ਰਸਮ ਵਿਕਟਰੀ ਮੈਮੋਰੀਅਲ King George HWY ਉਪਰ ਹੋਵੇਗੀ।

## ਸ਼ਰਧਾਂਜਲੀ ਸਮਾਗਮ

ਕਾ: ਪਿਆਰਾ ਸਿੰਘ ਲਈ ਸ਼ਰਧਾਂਜਲੀ ਸਮਾਗਮ ਸੰਸਕਾਰ ਦੀ ਰਸਮ ਤੋਂ ਤੁਰਤ ਮਗਰੋਂ 12 ਵਜੇ ਦੁਪਹਿਰ LEENA SHAW ELEMENTARY SCHOOL ਦੇ ਜਿੰਮ ਵਿਚ ਹੋਵੇਗਾ। ਇਹ ਬਾਸੀ ਹੋਰਾਂ ਦੇ ਘਰ ਦੇ ਲਾਗੇ ਹੀ 100 ਐਵੇਨੀਊ ਉਤੇ ਹੈ ਜੋ ਕਿ 143 ਸਟਰੀਟ ਦੇ ਲਾਗ ਦੇ ਬਲਾਕ ਵਿਚ ਹੈ। ਸਭਨਾਂ ਨੂੰ ਬੇਨਤੀ ਹੈ ਕਿ ਉਹ ਸਸਕਾਰ ਤੋਂ ਪਿਛੋਂ ਸਿਧੇ ਉਥੇ ਪੁੱਜਣ। ਇਹ ਗੱਲ ਵਿਸ਼ੇਸ਼ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਇਸ ਸ਼ਰਧਾਂਜਲੀ ਸਮਾਗਮ ਤੋਂ ਬਿਨਾਂ ਹੋਰ ਕਿਸੇ ਰਸਮ ਦਾ ਸਮਾਗਮ ਨਹੀਂ ਹੋਵੇਗਾ। ਇਸ ਸਮਾਗਮ ਦੇ ਨਾਲ ਹੀ ਉਨ੍ਹਾਂ ਦੇ ਸਸਕਾਰ ਦੀਆਂ ਅੰਤਿਮ ਰਸਮਾਂ ਪੂਰੀਆਂ ਹੋ ਜਾਣੀਆਂ ਹਨ ਇਸ ਲਈ ਸ਼ਰਧਾਂਜਲੀ ਸਮਾਗਮ ਵਿਚ ਹਾਜ਼ਰ ਹੋ ਕੇ ਬਾਸੀ ਪਰਵਾਰ ਨਾਲ ਆਪਣੀ ਹਮਦਰਦੀ ਪ੍ਰਗਟ ਕਰਦੇ ਹੋਇਆਂ, ਕਾਮਰੇਡ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਨ ਲਈ ਜ਼ਰੂਰ ਹਾਜ਼ਰ ਹੋਣ ਦੀ ਕਿਰਪਾਲਤਾ ਕਰਨ।



ਸੀ. ਪੀ. ਆਈ. (ਮ) ਦੀ 12ਵੀਂ ਪਾਰਟੀ ਕਾਂਗਰਸ ਵਿਚ ਪੰਜਾਬ ਪਾਰਟੀ ਦੇ ਡੈਲੀਗੇਟ (ਦਸੰਬਰ 1985)

ਕੀਤਾ ਹੈ ਤੇ 'ਸੂਫੀ' ਹੋਰੀਂ ਭੀ 'ਫਾਲਤੂ' ਬਹਿਸ ਛੱਡ ਕੇ ਸਹੀ ਲਾਈਨ ਅਪਨਾ ਲਈ ਹੈ। ਹੋਰ ਐਵੇਂ ਸਪਲੀਮੇਂਟ ਛਾਪ ਕੇ ਏਨੇ ਸਫੇ ਨਾ ਖਰਾਬ ਕਰਿਆ ਕਰੋ ਇਨ੍ਹਾਂ ਕੀਮਤੀ ਵਰਕਿਆਂ 'ਚ ਹੋਰ ਬੜਾ ਕੁਝ ਕੀਮਤੀ ਦਿੱਤਾ ਜਾ ਸਕਦਾ ਹੈ। ਫਿਰ ਜਿਸ ਨੇ ਕੋਈ ਸਫਰਨਾਮਾ ਲਿਖਣਾ ਹੁੰਦਾ ਹੈ, ਕਿਤਾਬ ਦੀ ਸ਼ਕਲ 'ਚ ਛਾਪ ਸਕਦਾ ਹੈ। ਪਰਚੇ ਦੇ ਦੁਬਾਰਾ ਵੀਕਲੀ ਹੋਣ ਤੇ ਨਵੀਂ ਨਿਖਰਵੀਂ ਨੁਹਾਰ ਹੋਣ ਤੇ ਵਧਾਈ ਸਵੀਕਾਰ ਕਰਨਾ।

ਡੂੰਘੇ ਪਿਆਰ ਸਤਿਕਾਰ ਨਾਲ

ਅਜੀਤ ਸਿਧੂ 'ਮਨਸੂਰਪੁਰੀ'

# ਬੀ. ਸੀ. ਦੇ ਲੋਕ ਵਧਾਈ ਦੇ ਪਾਤਰ ਹਨ

ਇਲੈਕਸ਼ਨ ਖਤਮ ਹੋਇਆਂ ਨਤੀਜੇ ਵਜੋਂ ਟੋਰੀਆਂ ਨੂੰ ਭਾਰੀ ਬਹੁ ਗਿਣਤੀ ਪ੍ਰਾਪਤ ਹੋਈ ਹੈ ਪਰ ਬੀ. ਸੀ. ਦੀ ਜਨਤਾ ਮੁਬਾਰਕਬਾਦ ਦੀ ਹੱਕਦਾਰ ਹੈ ਜਿਨ੍ਹਾਂ ਨੇ ਫਰੀ ਟਰੇਡ ਦੇ ਵਿਰੁਧ ਆਪਣਾ ਫੈਸਲਾ ਦੇ ਕੇ ਟੋਰੀਆਂ ਦੇ ਮੂੰਹ ਤੇ ਕਰਾਰਾ ਥਪੜ ਰਸੀਦ ਕੀਤਾ ਹੈ ਬਲਕਿ ਬੀ ਸੀ ਦੇ ਲੋਕਾਂ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਅਸੀਂ ਮਲਰੂਨੀ ਤੇ ਟਰਨਰ ਦੋਹਾਂ ਦੀਆਂ ਗਰੀਬ ਮਾਰੂ ਨੀਤੀਆਂ ਦੇ ਵਿਰੁਧ ਹਾਂ ਬੀ ਸੀ ਦੇ ਲੋਕ ਚਾਹੁੰਦੇ ਹਨ ਕਿ ਗਰੀਬਾਂ ਤੋਂ ਟੈਕਸ ਹਟਾਇਆ ਜਾਵੇ ਅਤੇ ਅਮੀਰਾਂ ਤੇ ਲਾਇਆ ਜਾਵੇ ਜੋ ਮਿਲੀਅਨ ਤੇ ਬਿਲੀਅਨ ਦੇ ਮੁਨਾਫੇ ਕਮਾ ਰਹੇ ਹਨ ਸਾਡੇ ਬੱਚਿਆਂ ਨੂੰ ਫਰੀ ਡੇ ਕੇਅਰ ਵਿਚ ਰੱਖਿਆ ਜਾਵੇ ਤਾਕਿ ਔਰਤਾਂ ਕੰਮ ਕਰ ਸਕਣ ਘੱਟ ਤੋਂ ਘੱਟ ਤਨਖਾਹ ਦੀ ਹੱਦ ਮੁਕਰਰ ਕੀਤੀ ਜਾਵੇ। ਖੇਤ ਮਜ਼ਦੂਰਾਂ ਦੀ ਲੁਟ ਖਸੁੱਟ ਬੰਦ ਕੀਤੀ ਜਾਵੇ ਖੇਤ ਮਜ਼ਦੂਰਾਂ ਨੂੰ ਆਵਾਜਾਈ ਦੇ ਸੁਖਾਲੇ ਸਾਧਨ ਮੁਹੱਈਆ ਕੀਤੇ ਜਾਣ ਇਨ੍ਹਾਂ ਦਾ ਜ਼ਿਆਦਾ ਵਕਤ ਰਸਤੇ ਵਿਚ ਨਾ ਖਰਾਬ ਹੋਵੇ ਖੇਤਾਂ ਵਿਚ ਪਾਣੀ ਵਾਸ਼ਰੂਮ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਹਫਤੇ ਬਾਦ ਪੈਸੇ ਮਿਲਣ। ਇਸ ਤੋਂ ਇਲਾਵਾ ਬੀ ਸੀ ਦੀ ਜਨਤਾ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਸਾਨੂੰ ਐਟਮੀ ਹਥਿਆਰਾਂ ਦੀ ਕਰੂਜ਼ ਮੀਜ਼ਾਈਲਾਂ ਤੇ ਐਟਮੀ ਡੁਬਕਣੀ ਕਿਸ਼ਤੀ ਦੀ ਲੋੜ ਨਹੀਂ। ਅਸੀਂ ਕੈਨੇਡਾ ਨੂੰ ਐਟਮੀ ਲੜਾਈ ਦਾ ਅੱਡਾ ਨਹੀਂ ਬਨਾਉਣਾ ਚਾਹੁੰਦੇ। ਤੇ ਬ੍ਰਿਟਿਸ਼ ਕੋਲੰਬੀਆ ਅਮਨ ਲਹਿਰ ਵਿਚ ਪੂਰਾ ਵਿਸ਼ਵਾਸ਼ ਰੱਖਦਾ ਹੈ। ਬੀ ਸੀ ਦੀ ਜਨਤਾ ਮਜ਼ਦੂਰਾਂ ਦੀ ਜਥੇਬੰਦੀ ਵਿਚ ਪੂਰਾ ਭਰੋਸਾ ਰੱਖਦੀ ਹੈ ਸਰਮਾਏਦਾਰਾਂ ਤੇ ਮਿਲ ਮਾਲਕਾਂ ਵਲੋਂ ਅਜ ਜੋ ਚਾਲਾਂ ਯੂਨੀਅਨ ਤੋੜਨ ਦੀਆਂ ਚੱਲੀਆਂ ਜਾ ਰਹੀਆਂ ਹਨ ਅਤੇ ਸੋਕਰਡ ਤੇ ਟੋਰੀ ਸਰਕਾਰ ਇਸ ਕੰਮ ਵਿਚ ਮਿਲ ਮਾਲਕਾਂ ਦੀ ਮੱਦਦ ਕਰਦੀਆਂ ਹਨ ਬੀ ਸੀ ਦੀ ਜਨਤਾ ਅਤੇ ਇਥੇ ਦੀ ਮਜ਼ਦੂਰ ਜਮਾਤ ਆਪਣੇ ਹੱਕ ਲਈ ਪੂਰੀ ਤਰ੍ਹਾਂ ਚੌਕਸ ਹੈ ਤੇ ਆਪਣੀਆਂ ਯੂਨੀਅਨਾਂ ਨੂੰ ਕਾਇਮ ਰੱਖਣ ਲਈ ਜਦੋ ਜਹਿਦ ਕਰ ਰਹੀ ਹੈ। ਇਸ ਇਲੈਕਸ਼ਨ ਨੇ ਸਾਬਤ ਕਰ ਦਿੱਤਾ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕ ਆਉਣ ਵਾਲੇ ਸਮੇਂ ਲਈ ਆਪਣੇ ਹੱਕਾਂ ਲਈ ਹੋਰ ਵੀ ਮਜ਼ਬੂਤੀ ਨਾਲ ਜਦੋ ਜਹਿਦ ਕਰਨਗੇ ਅਤੇ ਆਪਣੇ ਸੂਬੇ ਵਿਚ ਵੈਂਡਰਜ਼ਾਮ ਸਰਕਾਰ ਨੂੰ ਕਰਾਰੀ ਹਾਰ ਦੇਣਗੇ। ਇਸ ਇਲੈਕਸ਼ਨ ਵਿਚ ਜੋ ਗੱਲ ਉਭਰ ਕੇ ਸਾਹਮਣੇ ਆਈ ਹੈ ਉਹ ਹੈ ਸਾਡੀ ਕਮਿਊਨਿਟੀ ਦੀ ਜਾਗਰਤ ਜੋ ਪਹਿਲਾਂ ਕਦੇ ਦੇਖਣ ਵਿਚ ਨਹੀਂ ਆਈ ਸਾਡੀ ਕਮਿਊਨਿਟੀ ਨੇ ਇਸ ਵਾਰ ਡਟ ਕੇ ਵੋਟਾਂ ਪਾਈਆਂ। ਹੁਣ ਸਾਨੂੰ ਪਤਾ ਲਗ ਗਿਆ ਕਿ ਜਿਸ ਦੇਸ਼ ਵਿਚ ਅਸੀਂ ਵਸਦੇ ਹਾਂ ਤੇ ਇਥੇ ਦੇ ਸ਼ਹਿਰੀ ਹਾਂ ਸਾਨੂੰ ਇਥੇ ਦੇ ਰਾਜਸੀ ਹਾਲਾਤ ਬਾਰੇ ਪੂਰੀ ਵਾਕਫੀਅਤ ਹੋਣੀ ਚਾਹੀਦੀ ਹੈ ਤੇ ਇਥੇ ਦੀ ਰਾਜਨੀਤੀ ਵਿਚ ਡਟ ਕੇ ਹਿੱਸਾ ਪਾਉਣਾ ਚਾਹੀਦਾ ਹੈ। ਬੀ ਸੀ ਵਿਚ ਐਨ ਡੀ ਪੀ ਦੀ ਜਿੱਤ ਵਿਚ ਸਾਡੀ ਕਮਿਊਨਿਟੀ ਦਾ ਵੱਡਾ ਹਿੱਸਾ ਹੈ।

ਮੈਨੂੰ ਅਫਸੋਸ ਹੈ ਕਿ ਕਮਿਊਨਿਟੀ ਦਾ ਉਮੀਦਵਾਰ ਚਰਨਪਾਲ ਗਿੱਲ ਜਿੱਤ ਨਹੀਂ ਸਕਿਆ ਪਰ ਸਾਨੂੰ ਹੌਸਲਾ ਨਹੀਂ ਹਾਰਨਾ ਚਾਹੀਦਾ ਤੇ ਜਦੋ ਜਹਿਦ ਜਾਰੀ ਰੱਖਣੀ ਚਾਹੀਦੀ ਹੈ। ਆਮ ਲੋਕਾਂ ਦੀ ਭਲਾਈ ਦੇ ਕੰਮਾਂ ਵਿਚ ਕਿਸੇ ਆਪਣੇ ਨੇੜੇ ਦੇ ਵਿਚਾਰ ਰੱਖਣ ਵਾਲੀ ਪਾਰਟੀ ਨਾਲ ਰਲ ਕੇ ਹਿੱਸਾ ਪਾਓ। ਦੁਨੀਆਂ ਵਿਚ ਅਮਨ ਕਾਇਮ ਕਰਨ ਲਈ ਵਿਸ਼ਾਲ ਅਮਨ ਲਹਿਰ ਵਿਚ ਹਿੱਸਾ ਲਓ। ਮਜ਼ਦੂਰ ਯੂਨੀਅਨ ਤੋੜਨ ਵਾਲਿਆਂ ਵਿਰੁੱਧ ਜਦੋ ਜਹਿਦ ਕਰੋ।

ਵੈਨਕੂਵਰ ਵਿਚ ਹਰ ਸਾਲ ਅਪਰੈਲ ਦੇ ਮਹੀਨੇ ਇਕ ਅਮਨ ਮਾਰਚ ਹੁੰਦਾ ਹੈ ਜਿਸ ਵਿਚ ਇਕ ਲੱਖ ਦੇ ਕਰੀਬ ਲੋਕ ਸ਼ਾਮਲ ਹੁੰਦੇ ਹਨ ਇਸ ਵਾਰ ਜੇ ਆਪਾਂ ਹਿੰਮਤ ਕਰੀਏ ਤਾਂ ਇਸ ਨੂੰ ਸੁਆਇਆ ਕਰਕੇ ਵਿਖਾ ਦੇਈਏ। ਦੁਨੀਆਂ ਨੂੰ ਪਤਾ ਲਗ ਜਾਏ ਕਿ ਅਸੀਂ ਟੈਰੋਰਿਸਟ ਨਹੀਂ ਬਲਕਿ ਅਮਨ ਪਸੰਦ ਹਾਂ। ਕੁਝ ਖੁਦਗਰਜ਼ ਲੋਕਾਂ ਦੀ ਮਿਹਰਬਾਨੀ ਕਰਕੇ ਜੋ ਕਲੰਕ ਸਾਡੇ ਮੱਥੇ ਤੇ ਲਾਇਆ ਗਿਆ ਹੈ ਅਮਨ ਦੀ ਲਹਿਰ ਤੇ ਕੈਨੇਡਾ ਦੀ ਰਾਜਨੀਤੀ ਵਿਚ ਪੁਰ ਅਮਨ ਹਿੱਸਾ ਲੈਣ ਨਾਲ ਇਸ ਕਲੰਕ ਨੂੰ ਧੋ ਦੇਈਏ ਤੇ ਦੁਨੀਆਂ ਦੇ ਲੋਕਾਂ ਨੂੰ ਦਸ ਦੇਈਏ ਕਿ ਸਾਡੀ ਅਸਲੀਅਤ ਸਾਡਾ ਕਲਚਰ ਸਾਡਾ ਧਰਮ ਕੀ ਦਸਦਾ ਹੈ ਜਦ ਕਿ ਕੁਝ ਖੁਦਗਰਜ਼ ਲੋਕਾਂ ਨੇ ਸਾਨੂੰ ਗਲਤ ਰੂਪ ਵਿਚ ਦੁਨੀਆਂ ਦੇ ਸਾਹਮਣੇ ਪੇਸ਼ ਕੀਤਾ ਹੈ

—ਪ੍ਰੀਤਮ ਸਿੰਘ ਖਾਨਖਾਨਾ

# ਹਰਭਜਨ ਮਾਨ ਦੇ ਸ਼ੋਅ ਦੀਆਂ ਧੂੰਮਾਂ

## ਪ੍ਰਵਾਰਕ ਸ਼ੋਅ ਬਹੁਤ ਕਾਮਯਾਬ ਰਿਹਾ



ਨੌਰਥ ਡੈਲਟਾ ਦੇ 'ਡੈਲਟਾ ਸੈਕੰਡਰੀ ਸਕੂਲ ਦੇ ਹਾਲ ਵਿਚ 26 ਨਵੰਬਰ ਨੂੰ ਹੋਇਆ ਹਰਭਜਨ ਮਾਨ ਅਤੇ ਪਾਰਟੀ ਦਾ ਸ਼ੋਅ ਪੂਰਨ ਰੂਪ ਵਿਚ ਪ੍ਰਵਾਰਿਕ ਸ਼ੋਅ ਸੀ। ਕਿਸੇ ਪੰਜਾਬੀ ਗਾਇਕ ਦੇ ਸ਼ੋਅ ਵਿਚ ਪਹਿਲੀ ਵਾਰ ਐਨੀ ਜ਼ਿਆਦਾ ਗਿਣਤੀ ਵਿਚ ਔਰਤਾਂ ਦਾ ਸ਼ਾਮਿਲ ਹੋਣਾ ਪ੍ਰਰਿਵਾਰਕ ਸ਼ੋਅ ਦਾ ਸਬੂਤ ਦਿੰਦਾ ਹੈ ਹਰਭਜਨ ਮਾਨ ਕੈਨੇਡਾ ਵਿਚਲੀ ਜਵਾਨੀ ਵਿਚ ਪੈਰ ਧਰ ਰਹੀ ਪੀੜ੍ਹੀ ਦਾ ਇਕ ਉਭਰ ਰਿਹਾ ਗਾਇਕ ਹੈ ਜਿਹੜਾ ਸਾਫ਼ ਸੁਥਰੀ ਬੋਲੀ ਵਿਚ ਗੀਤ ਗਾ ਕੇ ਆਪਣੀ ਮਾਂ ਬੋਲੀ ਦੀ ਸੇਵਾ ਕਰ ਰਿਹਾ ਹੈ।

ਪ੍ਰੋਗਰਾਮ ਦੌਰਾਨ ਹਾਲ ਵਿਚ ਮੁਕੰਮਲ ਤੌਰ ਤੇ ਸ਼ਾਂਤੀ ਰਹੀ ਜਿਹੜੀ ਕਿ ਪ੍ਰੋਗਰਾਮ ਦੀ ਕਾਮਯਾਬੀ ਦਾ ਸਬੂਤ ਹੈ। ਪ੍ਰੋਗਰਾਮ ਵਿਚ ਜਿਥੇ ਹਰਭਜਨ ਮਾਨ ਦੁਆਰਾ ਬੁੱਲ੍ਹੇ ਸ਼ਾਹ, ਸ਼ਿਵ ਕੁਮਾਰ, ਕਰਨੈਲ ਸਿੰਘ ਪਾਰਸ ਅਤੇ ਹਾਕਮ ਸੂਫ਼ੀ ਦੇ ਗੀਤ ਗਾਏ ਗਏ ਉਥੇ 'ਚੰਨ ਕਿਥਾਂ ਗੁਜ਼ਾਰੀ ਆਈ ਰਾਤ ਵੇ' ਵਰਗੇ ਲੋਕ ਗੀਤ ਵੀ ਸੁਨਣ ਨੂੰ ਮਿਲੇ। ਗਾਇਕੀ ਦੇ ਨਾਲ-ਨਾਲ ਪੱਛਮੀ ਸੰਗੀਤ ਤੋਂ ਪਰ੍ਹਾਂ ਸੁਰਿੰਦਰ ਦੀ ਵਾਇਲਨ, ਰਣਜੀਤ ਦੀ ਗਿਟਾਰ ਅਤੇ ਦਵਿੰਦਰ ਕੌਂਥ ਦੀ ਢੋਲਕੀ ਨੇ ਇਕ ਸ਼ਾਨਦਾਰ ਸੰਗੀਤ ਦਿੱਤਾ। ਗੁਰਸੇਵਕ ਮਾਨ, ਸਰਦੂਲ ਅਤੇ ਸੁਰਿੰਦਰ ਨੇ ਸਹਾਇਕ ਗਾਇਕ ਦੇ ਤੌਰ ਤੇ ਚੰਗਾ ਸਾਥ ਦਿੱਤਾ। ਹਾਲ ਵਿਚਲੀ ਸ਼ਾਂਤੀ ਨੂੰ ਦੇਖ ਕੇ ਤਾਂ ਪੁਲੀਸ ਵਾਲੇ ਵੀ ਅਵੇਸਲੇ ਜਹੇ ਹੋਏ ਖੜ੍ਹੇ ਸਨ। ਉਨ੍ਹਾਂ ਨੂੰ ਇਕ ਵਾਰੀ ਵੀ ਕਿਸੇ ਨੂੰ ਫੜ ਕੇ ਸ਼ਾਂਤ ਨਹੀਂ ਕਰਾਉਣਾ ਪਿਆ। ਪ੍ਰੋਗਰਾਮ ਵਿਚ ਹਰਭਜਨ ਮਾਨ ਦੁਆਰਾ ਗਾਏ ਗੀਤਾਂ ਵਿਚੋਂ ਜਿਥੇ 'ਬਾਬਲ ਮੇਰੀਆਂ ਗੁੱਡੀਆਂ...' ਅਤੇ ਸ਼ੌਕਤ ਅਲੀ ਦਾ 'ਤੇਰੀ ਅੱਖੀਆਂ ਦੇ ਡੋਰੇ....' ਨੇ ਸਰੋਤਿਆਂ ਦੀ ਵਾਹ-ਵਾਹ ਖੱਟੀ ਉਥੇ 'ਬਾਪੂ ਤੇਰੇ ਕੁੜਮਾਂ ਨੇ ...' ਅਤੇ 'ਤੇਰੀਆਂ ਬਲੌਰੀ ਅੱਖਾਂ' ਗਾਣਿਆਂ ਨੇ ਵੀ ਦਰਸ਼ਕਾਂ ਦੀਆਂ ਭਰਪੂਰ ਤਾੜੀਆਂ ਲਈਆਂ। ਜਦੋਂ ਜਦੋਂ ਗਾਇਕ ਨੇ ਆਪਣੇ ਗਾਣਿਆਂ ਦੁਆਰਾ ਸਰੋਤਿਆਂ ਨੂੰ ਭਾਵੁਕ ਕੀਤਾ ਉਦੋਂ ਹਰਮਹਿੰਦਰ ਕਿੱਟੀ ਨੇ ਆਪਣੀਆਂ ਗੱਲਾਂਬਾਤਾਂ ਨਾਲ ਸਰੋਤਿਆਂ ਦੇ ਢਿੱਡੀ ਪੀੜਾਂ ਪਵਾਈਆਂ।

ਗੱਲ ਕੀ ਸ਼ੋਅ ਉਹੀ ਸਫਲ ਹੁੰਦਾ ਹੈ ਜਿਸਨੂੰ ਸਰੋਤੇ ਸ਼ਾਂਤ ਹੋ ਕੇ ਸੁਨਣ ਅਤੇ ਤਾੜੀਆਂ ਨਾਲ ਹੌਂਸਲਾ ਅਫ਼ਜਾਈ ਕਰਨ ਖੁਸ਼ਕਿਸਮਤੀ ਨੂੰ ਇਹ ਦੋਹੇਂ ਚੀਜ਼ਾਂ ਹਰਭਜਨ ਮਾਨ ਅਤੇ ਪਾਰਟੀ ਦੇ ਇਸ ਸ਼ੋਅ ਵਿਚ ਮਿਲੀਆਂ। ਜੇ ਅਸੀਂ ਇਸੇ ਤਰ੍ਹਾਂ ਪ੍ਰਵਾਰਕ ਸ਼ੋਆਂ ਦੀ ਹੌਂਸਲਾ ਅਫ਼ਜਾਈ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਲੱਚਰ ਗੀਤਾਂ ਦਾ ਬਿਲਕੁਲ ਹੀ ਸਫਾਇਆ ਹੋ ਜਾਵੇਗਾ।

### ਦੁੰਮ-ਛੱਲਾ

ਸਟੇਜ ਸਕੱਤਰ ਨੇ ਅਨਾਊਂਸਮੈਂਟ ਕੀਤੀ ਕਿ ਕਪੂਰ ਸਾਹਬ ਦਾ ਪਰਸ ਗੁਆਚ ਗਿਆ ਹੈ ਜੇ ਕਿਸੇ ਨੇ ਦੇਖਿਆ ਹੈ ਤਾਂ ਮੇਹਰਬਾਨੀ ਕਰਕੇ ਦੱਸ ਦੇਵੇ। ਤਾਂ ਇਕ ਮਨਚਲੇ ਦੀ ਆਵਾਜ਼ ਆਈ "ਇਹ ਪਰਿਵਾਰਕ ਸ਼ੋਅ ਹੈ ਇਥੇ ਜੇਬ ਕਤਰੇ ਨੀਂ ਆਏ।"

ਥੋੜ੍ਹੀ ਦੇਰ ਬਾਅਦ ਸਕੱਤਰ ਨੇ ਅਨਾਊਂਸ ਕੀਤਾ ਕਿ ਪਰਸ ਪੁਲੀਸਮੈਨ ਕੋਲ ਹੈ ਕਪੂਰ ਸਾਹਬ ਉਨ੍ਹਾਂ ਤੋਂ ਪਰਸ ਲੈ ਸਕਦੇ ਹਨ। ਤਾਂ ਮਨਚਲੇ ਦੀ ਫਿਰ ਆਵਾਜ਼ ਆਈ "ਪੁਲੀਸਮੈਨ ਨੂੰ ਜੇਬ ਕੱਟਣ ਤੋਂ ਬਿਨ੍ਹਾਂ ਹੋਰ ਕੋਈ ਕੰਮ ਨਹੀਂ ਲੱਭਾ ?"

ਹਰਪ੍ਰੀਤ ਸਿੰਘ ਸੇਖਾ

# ਪਿਆਰਾ ਸਿੰਘ ਬਾਸੀ ਦਾ ਦਿਹਾਂਤ

ਕਾ: ਪਿਆਰਾ ਸਿੰਘ ਬਾਸੀ ਪਿਛਲੇ ਬੁੱਧਵਾਰ ਅਚਾਨਕ ਦਿਲ ਫੇਲ੍ਹ ਹੋਣ ਕਾਰਨ ਸਾਥੋਂ ਵਿਛੜ ਗਏ ਹਨ। ਕਾ: ਬਾਸੀ ਨੇਕ ਦਿਲ ਇਨਸਾਨ ਹੋਣ ਦੇ ਨਾਲ ਜ਼ਿੰਦਗੀ ਦੀਆਂ ਸੁੱਚੀਆਂ ਕਦਰਾਂ ਕੀਮਤਾਂ ਦੇ ਧਾਰਨੀ ਸਨ। ਉਨ੍ਹਾਂ ਦਾ ਵਿਛੋੜਾ ਪ੍ਰਵਾਰ ਲਈ ਜਿਥੇ ਬੇਹੱਦ ਦੁਖਦਾਈ ਹੈ ਉਥੇ ਅਦਾਰਾ 'ਕੈਨੇਡਾ ਦਰਪਣ' ਨਾਲ ਉਨ੍ਹਾਂ ਦੇ ਬਹੁਤ ਕਰੀਬੀ ਸਬੰਧ ਸਨ।

ਆਦਾਰਾ 'ਕੈਨੇਡਾ ਦਰਪਣ' ਬਾਸੀ ਪ੍ਰਵਾਰ ਦੇ ਸ਼ੋਕ ਵਿਚ ਸ਼ਰੀਕ ਹੈ ਤੇ ਪ੍ਰਵਾਰ ਨਾਲ ਸ੍ਰੀ ਬਾਸੀ ਦੇ ਵਿਛੋੜੇ ਉਤੇ ਦਿਲੀ ਹਮਦਰਦੀ ਦੀ ਭਾਵਨਾ ਰੱਖਦਾ ਹੈ।


BOOK NOW FLY LATER SAVE MONEY



SPECIAL FARES TO:

San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.

JAL JAPAN AIR LINES

AIR CANADA

CATHAY PACIFIC

Canadian

Wardair Canada

KLM

UNITED

Goyal Travels Inc.

4152 Fraser St., Vancouver, B.C. V5V 4E8

PH. (604) 877-7777

TOLL FREE From B.C., Alberta, Saskatchewan & Manitoba.

1-800-663-8638

CALGARY Ph. (403) 235-6808

TORONTO (416) 593-6966

AUTOPAC
PROTECTING MANITOBANS ON THE MOVE

# Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ **ਡੋਰੀਅਨ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਉ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ ਫੋਨ : 772-3301 775-1061**

## AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**


Kulwant S. Brar
Manager & Owner

# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8


**Ajaib S. Janda**

# MINT
# AUTO BODY LTD.

- **Complete Professional Auto Body Repairs and Refinishing on all makes and models**
- **I.C.B.C. claims handled promptly**
- **Complete framework**
- **UNI - BODY repairs**
- **All work conditionally guaranteed**
- **Free estimates**
- **Courtesy cars**

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ


**Bhupinder(Bob) Sihota**



For further information call:

**Bhupinder(Bob) Sihota**

**Ph. 433-1207**

**Mint Auto Body Ltd.**

**5590 Lane Street, BURNABY, B.C. V5H 2H5**



# 28,000 ਰੀਫੀਊ- ਜੀਆਂ ਨੂੰ ਵਾਪਸ ਭੇਜਿਆ ਜਾਵੇਗਾ ?

ਅਟਵਾ — ਕੈਨੇਡਾ ਵਿਚ 70,000 ਰੀਫੀਊਜੀਆਂ ਦਾ ਮਸਲਾ ਟੋਰੀ ਸਰਕਾਰ ਲਈ ਸਿਰ ਦਰਦੀ ਬਣਿਆ ਹੋਇਆ ਹੈ। ਇਕ ਦਸਤਾਵੇਜ਼ ਅਨੁਸਾਰ ਟੋਰੀ ਸਰਕਾਰ ਸੋਚ ਰਹੀ ਹੈ ਕਿ 28,000 ਅਜਿਹੇ ਵਿਅਕਤੀ ਹਨ ਜੋ ਨਕਲੀ ਰੀਫੀਊਜੀ ਬਣੇ ਹੋਏ ਹਨ । ਇੰਮੀਗਰੇਸ਼ਨ ਵਜ਼ੀਰ ਬਾਰਬਰਾ ਮਕਡੂਗਲ ਦਾ ਕਹਿਣਾ ਹੈ ਕਿ ਅਜਿਹੇ 'ਰੀਫੀਊਜੀਆਂ' ਨੂੰ ਇਕ ਐਡਜੁਕੇਟਰ ਅਤੇ ਇਕ ਨਵੇਂ ਬਣੇ ਰੀਫੀਊਜੀ ਬੋਰਡ ਦੇ ਸਾਹਮਣੇ ਪੇਸ਼ ਕਰਕੇ ਇਕੋ ਸੁਣਾਈ ਕਰਵਾ ਕੇ ਇਨ੍ਹਾਂ ਨੂੰ ਦੇਸ਼ ਵਿਚੋਂ ਕੱਢਿਆ ਜਾਵੇ ।

ਕੈਨੇਡੀਅਨ ਪ੍ਰੈਸ ਏਜੰਸੀ ਦੀ ਖ਼ਬਰ ਅਨੁਸਾਰ ਇਹ ਤਜਵੀਜ਼ ਇੰਮੀਗਰੇਸ਼ਨ ਮਨਿਸਟਰ ਨੇ ਮੰਤਰੀ ਮੰਡਲ ਸਾਹਮਣੇ ਰੱਖਣੀ ਹੈ। ਦੂਜੇ 40,000 ਵਿਅਕਤੀਆਂ ਦੇ ਕੇਸਾਂ ਦਾ ਨਿਪਟਾਰਾ ਤਿੰਨ ਸਾਲ ਵਿਚ ਕਰ ਦਿੱਤਾ ਜਾਵੇਗਾ।

ਮੰਤਰੀ ਦੀ ਇਹ ਵੀ ਤਜਵੀਜ਼ ਹੈ ਕਿ ਕਲੇਮ ਢੰਗ ਵਿਚ ਤੇਜ਼ੀ ਲਿਆਂਦੀ ਜਾਵੇ ਤੇ ਉਸਨੇ ਇਹ ਸਿਫਾਰਸ਼ ਵੀ ਕੀਤੀ ਹੈ ਕਿ ਆਮ ਮੁਆਫ਼ੀ ਦਾ ਐਲਾਨ ਬਿਲਕੁਲ ਨਾ ਕੀਤਾ ਜਾਵੇ ।

ਸਰਕਾਰੀ ਬੁਲਾਰੇ ਨੇ ਮੰਤਰੀ ਦੀਆਂ ਇਨ੍ਹਾਂ ਤਜਵੀਜ਼ਾਂ ਉਤੇ ਕੁਝ ਕਹਿਣ ਤੋਂ ਇਨਕਾਰ ਕੀਤਾ ਹੈ। ਪਰ ਬੁਲਾਰੇ ਨੇ ਕਿਹਾ ਕਿ ਸਰਕਾਰ ਰੀਫੀਊਜੀਆਂ ਬਾਰੇ ਫੈਸਲਾ ਜਲਦੀ ਕਰਨ ਲਈ ਤਤਪਰ ਹੈ ।

# ਭੂਪਾਲ ਵਿਚ ਲੋਕ ਅਜੇ ਵੀ ਮਰ ਰਹੇ ਹਨ

ਭੂਪਾਲ — 1984 ਵਿਚ ਯੂਨੀਅਨ ਕਾਰਬਾਈਡ ਦੇ ਪਲਾਂਟ 'ਚ ਲੀਕ ਹੋਈ ਗੈਸ ਕਾਰਨ ਲੋਕ ਅਜੇ ਵੀ ਚਾਰ ਸਾਲ ਪਿਛੋਂ ਮਰ ਰਹੇ ਹਨ । 3 ਦਸੰਬਰ 1984 ਨੂੰ ਮਾਰੇ ਗਏ ਬੰਦਿਆਂ ਦੀ ਗਿਣਤੀ 2000 ਸੀ ਪਰ ਪਿਛਲੇ ਚਾਰ ਸਾਲ ਵਿਚ 1329 ਵਿਅਕਤੀ ਗੈਸ ਦੇ ਅਸਰ ਕਾਰਨ ਹੋਰ ਮਾਰੇ ਗਏ ਹਨ ।

ਇਕ ਇੰਟਰਵਿਊ ਵਿਚ ਭੂਪਾਲ ਨਿਵਾਸੀ 15 ਸਾਲਾ ਸੁਨੀਲ ਕੁਮਾਰ ਨੇ ਦੱਸਿਆ ਕਿ ਪਿਛਲੇ ਚਾਰ ਸਾਲ ਵਿਚ ਉਹ ਬਹੁਤਾ ਸਮਾਂ ਹਸਪਤਾਲ ਵਿਚ ਰਿਹਾ ਹੈ । ਗੈਸ ਹਾਦਸੇ ਵਿਚ ਉਸ ਦੇ ਮਾਤਾ ਪਿਤਾ ਤੇ ਪੰਜ ਭੈਣ ਭਰਾ ਮਾਰੇ ਗਏ ਸਨ । ਸੁਨੀਲ ਕੁਮਾਰ ਤੇ ਉਸਦੇ ਛੋਟੇ ਭਰਾ ਨੂੰ 4730 ਅਮਰੀਕੀ ਡਾਲਰ ਉਨ੍ਹਾਂ ਦੇ ਪ੍ਰਵਾਰ ਦੇ ਮਰੇ ਹੋਏ ਜੀਆਂ ਦੇ ਇਵਜ਼ਾਨੇ ਵਜੋਂ ਮਿਲੇ ਸਨ, ਜਿਨ੍ਹਾਂ ਉਤੇ ਉਹ ਗੁਜ਼ਾਰਾ ਕਰ ਰਹੇ ਹਨ ।

20,000 ਅਜਿਹੇ ਵਿਅਕਤੀ ਹਨ ਜਿਨ੍ਹਾਂ ਉਤੇ ਅਜੇ ਵੀ ਮਾਰੂ ਗੈਸਾਂ ਦਾ ਅਸਰ ਹੈ । ਇਕ ਅੰਕੜੇ ਮੁਤਾਬਕ ਰੋਜ਼ਾਨਾ ਇਕ ਵਿਅਕਤੀ ਦੀ ਮੌਤ ਗੈਸ ਦੇ ਮਾਰੂ ਪ੍ਰਭਾਵ ਕਾਰਨ ਹੋ ਰਹੀ ਹੈ । ਇਨ੍ਹਾਂ ਲੋਕਾਂ ਦੀਆਂ ਅੱਖਾਂ ਅਤੇ ਫੇਫੜਿਆਂ ਉਤੇ ਗਹਿਰਾ ਪ੍ਰਭਾਵ ਪਿਆ ਹੈ ।

ਭਾਰਤ ਸਰਕਾਰ ਨੇ ਕੰਪਨੀ ਉਤੇ 3 ਬਿਲੀਅਨ ਡਾਲਰ ਹਰਜਾਨੇ ਦਾ ਦਾਅਵਾ ਕੀਤਾ ਹੋਇਆ ਹੈ ।

# ਅਕਾਲੀ ਸਿਆਸਤ ਵਿਚ ਨਵਾਂ ਮੋੜ ਆ ਰਿਹਾ ਹੈ

ਅੰਮ੍ਰਿਤਸਰ — ਖ਼ਬਰ ਹੈ ਕਿ ਸ੍ਰੀ ਸੁਰਜੀਤ ਸਿੰਘ ਬਰਨਾਲਾ ਵਲੋਂ 5 ਦਸੰਬਰ ਨੂੰ ਅਕਾਲ ਤਖ਼ਤ ਉਤੇ ਹਾਜ਼ਰ ਹੋ ਕੇ ਮੁਆਫੀ ਮੰਗਣ ਨਾਲ ਅਕਾਲੀ ਸਿਆਸਤ ਵਿਚ ਨਵਾਂ ਮੋੜ ਆ ਜਾਵੇਗਾ । ਸ੍ਰੀ ਬਰਨਾਲਾ ਨੇ ਜਥੇਦਾਰਾਂ ਨੂੰ ਆਪਣਾ ਅਸਤੀਫਾ ਪੇਸ਼ ਕਰਕੇ ਆਪਣਾ ਅਕਾਲੀ ਦਲ ਭੰਗ ਕਰ ਦਿਤਾ ਹੈ । ਜਦੋਂ ਕਿ ਸੰਯੁਕਤ ਅਕਾਲੀ ਦਲ ਸ੍ਰੀ ਬਰਨਾਲਾ ਦੀ ਅਗਵਾਈ ਵਾਲੇ ਲੌਂਗੋਵਾਲ ਅਕਾਲੀ ਦਲ ਦੇ ਅਗੇ ਕੁਝ ਵੀ ਨਹੀਂ ਸੀ ।

ਅਕਾਲੀ ਰਾਜਨੀਤੀ ਵਿਚ ਨੇੜੇ ਦੇ ਸੰਬੰਧ ਰੱਖਣ ਵਾਲੇ ਇਕ ਆਗੂ ਨੇ ਕੈਨੇਡਾ ਦਰਪਣ ਨੂੰ ਦੱਸਿਆ ਕਿ ਇਹ ਸਾਰਾ ਡਰਾਮਾ ਅੰਦਰਖਾਤੇ ਹੋ ਚੁਕੇ ਇਕ ਸਮਝੌਤੇ ਦੇ ਤਹਿਤ ਕੀਤਾ ਜਾ ਰਿਹਾ ਹੈ । ਉਨ੍ਹਾਂ ਦੱਸਿਆ ਹੈ ਕਿ ਸ੍ਰੀ ਜਗਦੇਵ ਸਿੰਘ ਤਲਵੰਡੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੇ ਪਹਿਲਾਂ ਤੋਂ ਹੀ ਖਿਲਾਫ ਹੈ ਕਿ ਉਸ ਨੇ ਸੰਤ ਲੌਂਗੋਵਾਲ ਦੀ ਮੱਦਦ ਕਰਕੇ ਸ੍ਰੀ ਤਲਵੰਡੀ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਲਾਹਿਆ ਸੀ ।

ਦੱਸਿਆ ਜਾਂਦਾ ਹੈ ਕਿ ਨਵੇਂ ਸਮਝੌਤੇ ਅਨੁਸਾਰ ਦੋਵਾਂ ਅਕਾਲੀ ਦਲਾਂ ਨੂੰ ਮਿਲਾ ਕੇ ਇਕ ਅਕਾਲੀ ਦਲ ਬਣ ਜਾਣ ਉਪਰ ਸ੍ਰੀ ਜਗਦੇਵ ਸਿੰਘ ਤਲਵੰਡੀ ਇਸ ਦੇ ਪ੍ਰਧਾਨ ਹੋਣਗੇ । ਸ੍ਰੀ ਬਰਨਾਲਾ ਨੂੰ ਇਸ ਵਿਚ ਮਹੱਤਵਪੂਰਨ ਸਥਾਨ ਦਿੱਤਾ ਜਾਵੇਗਾ । ਜਦੋਂ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਤਾਂ ਸ੍ਰੀ ਬਰਨਾਲਾ ਨੂੰ ਪੰਜਾਬ ਦਾ ਮੁਖ ਮੰਤਰੀ ਬਣਾ ਦਿੱਤਾ ਜਾਵੇਗਾ ।

ਦੱਸਿਆ ਜਾਂਦਾ ਹੈ ਕਿ ਇਸ ਏਕਤਾ ਨਾਲ ਚੌਧਰਾਂ ਦੀ ਵੰਡ ਕਰ ਲਈ ਗਈ ਹੈ ਪਰ ਸ੍ਰੀ ਬਾਦਲ ਅਤੇ ਪਟਿਆਲੇ ਵਾਲਾ ਰਾਜ ਅਮਰਿੰਦਰ ਸਿੰਘ ਇਸ ਸਮਝੌਤੇ ਵਿਚ ਕਿਥੇ ਫਿੱਟ ਕੀਤੇ ਜਾਣਗੇ ਇਹ ਤਾਂ ਸਮਾਂ ਹੀ ਦੱਸੇਗਾ ।


# Alfred and Pauline, Definitely not run of the mill.



ਇਕੋ ਪੁਸ਼ਤ ਵਿਚ ਹੀ ਆਰਮਸਟਰੌਂਗ ਦੀ ਰੋਜ਼ਰਜ਼ ਫੂਡਜ਼ ਵਾਲਿਆਂ ਨੇ ਸਥਾਨਕ ਆਟੇ ਤੇ ਸੀਰੀਅਲ ਦੀ ਮਿਲ ਨੂੰ 13 ਮਿਲੀਅਨ ਡਾਲਰ ਦਾ ਵਪਾਰ ਬਣਾ ਦਿੱਤਾ ਹੈ । ਇਸ ਦੀ ਵਿਕਰੀ ਅਫ਼ਰੀਕਾ, ਦੱਖਣੀ ਅਮਰੀਕਾ ਤੇ ਚੀਨ ਤੱਕ ਪਹੁੰਚ ਗਈ ਹੈ । ਅਸਲ ਵਿਚ ਕੈਨੇਡਾ ਦਾ ਆਟਾ ਜੋ ਹਾਂਗਕਾਂਗ ਜਾਂਦਾ ਹੈ ਉਸਦਾ 55 ਪ੍ਰਤੀਸ਼ਤ ਰੌਜ਼ਰਜ਼ ਵਾਲੇ ਭੇਜਦੇ ਹਨ।

ਐਲਫਰੈਡ ਤੇ ਪਾਲੀਨ ਰੌਜ਼ਰਜ਼ ਨੇ ਇਹ ਵਪਾਰ ਪੰਜਾਹਵਿਆਂ ਵਿਚ ਸ਼ੁਰੂ ਕੀਤਾ, ਇਹ ਅਜੇ ਵੀ ਪ੍ਰਵਾਰਕ ਵਪਾਰ ਹੈ । ਉਨ੍ਹਾਂ ਦੇ ਲੜਕੇ ਸਟੈਨ ਨੇ ਖੁਰਾਕ ਦੀਆਂ ਹੋਰ ਵਸਤਾਂ ਨਾਲ ਇਸਨੂੰ ਵਧਾਇਆ ਹੈ ।

ਬੀ. ਸੀ. ਦੇ 400 ਹੋਰ ਖ਼ੁਰਾਕ ਪੈਦਾ ਕਰਨ ਵਾਲਿਆਂ ਨਾਲ ਰਲਕੇ ਰੌਜ਼ਰਜ਼ ਨੇ 'ਬੀ. ਸੀ. ਦਾ ਵਧੀਆ ਸੁਆਦ' ਪੈਦਾ ਕਰਕੇ ਇਸ ਦਸਤਕਾਰੀ ਨੂੰ ਘਰੇਲੂ ਤੇ ਬਾਹਰ ਦੀ ਦੁਨੀਆਂ ਵਿਚ 3.3 ਬਿਲੀਅਨ ਡਾਲਰ ਦੀ ਬਣਾਇਆ ਹੈ । ਘਰੇਲੂ ਚੰਗਿਆਈ ਨਾਲ ਕੌਮਾਂਤਰੀ ਵਿਕਰੀ ਨੂੰ ਮਿਲਾ ਕੇ, ਇਸ ਨੂੰ ਬ੍ਰਿਟਿਸ਼ ਕੋਲੰਬੀਆ ਦੀ ਤਰੱਕੀ ਦਾ ਨੁਸਖਾ ਬਣਾਇਆ ਹੈ ।

ਬੀ. ਸੀ. ਦੀ ਖੇਤੀਬਾੜੀ ਦੀ ਦਸਤਕਾਰੀ ਬਾਰੇ ਹੋਰ ਜਾਣਕਾਰੀ ਲੈਣ ਲਈ ਆਪਣੇ ਐਮ. ਐਲ. ਏ. ਨੂੰ ਮਿਲੋ, ਜਾਂ ਨੇੜੇ ਦੇ ਸਰਕਾਰੀ ਏਜੰਟ ਨਾਲ ਗੱਲ ਕਰੋ ਜਾਂ Hon. John Savage, Minister of Agriculture and Fisheries, Parliament Buildings, Victoria, B.C. V8V 1X4 ਨੂੰ ਲਿਖੋ ।

*Challenging the 90's*

Together. A Better B.C.


## ਆਜ਼ਾਦੀ ਸੰਗਰਾਮੀਏ ਗਿ: ਕਰਤਾਰ ਸਿੰਘ ਤੱਖਰ ਸਵਰਗਵਾਸ



ਗਿਆਨੀ ਕਰਤਾਰ ਸਿੰਘ ਜੀ ਤੱਖਰ ਸਪੁੱਤਰ ਸਵਰਗਵਾਸੀ ਗੁਰਦਿਤ ਸਿੰਘ ਤੱਖਰ ਪਿੰਡ ਸ਼ੰਕਰ, ਜ਼ਿਲਾ ਜਲੰਧਰ, ਜੋ ਕਿ ਦਸੰਬਰ 3, 1988 ਨੂੰ ਸਰੀ ਹਸਪਤਾਲ ਵਿਚ ਸਵਰਗਵਾਸ ਹੋ ਗਏ ਹਨ । ਉਨ੍ਹਾਂ ਦਾ ਜਨਮ 1902 ਵਿਚ ਹੋਇਆ ਸੀ । ਉਹ ਦਸੰਬਰ 1966 ਨੂੰ ਇੰਗਲੈਂਡ ਆਏ ਸਨ । 1974 ਤੋਂ ਕੈਨੇਡਾ ਵਿਚ ਰਹਿ ਰਹੇ ਸਨ । ਗਿਆਨੀ ਜੀ ਅਚਾਨਕ ਹੀ ਬੀਮਾਰ ਹੋਣ ਤੋਂ ਬਾਅਦ ਸਵਰਗਵਾਸ ਹੋ ਗਏ । ਉਹ ਪਿਛੇ ਆਪਣੀ ਧਰਮ-ਪਤਨੀ ਬੇਅੰਤ ਕੌਰ ਤੱਖਰ, ਇਕ ਲੜਕਾ ਪਰੇਮ ਸਿੰਘ ਤੱਖਰ ਜੋ ਕੈਨੇਡਾ ਵਿਚ ਰਹਿ ਰਹੇ ਹਨ ਤੇ ਇਕ ਲੜਕੀ ਜੀਤ ਕੌਰ ਜੋ ਭਾਰਤ ਵਿਚ ਰਹਿ ਰਹੇ ਹਨ, ਛੱਡ ਗਏ ਹਨ । ਗਿਆਨੀ ਕਰਤਾਰ ਸਿੰਘ ਜੀ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਆਪਣੀ ਜ਼ਿੰਦਗੀ ਦਾ ਕਾਫੀ ਹਿਸਾ ਜੇਲ੍ਹ ਵਿਚ ਗੁਜ਼ਾਰਿਆ । ਆਪ ਨੇ ਦੇਸ਼ ਦੀ ਆਜ਼ਾਦੀ ਲਈ ਤਿੰਨ ਵਾਰ ਜੇਲ੍ਹ-ਯਾਤਰਾ ਕੀਤੀ । ਆਪ ਸੋਸ਼ਲਿਸਟ ਵਿਚਾਰਾਂ ਦੇ ਵਿਅਕਤੀ ਸਨ । ਇਥੇ ਕੈਨੇਡਾ ਵਿਚ ਵੀ ਆਪ ਨੇ ਸੋਸ਼ਲ ਵਰਕਰ ਦੇ ਤੌਰ ਤੇ ਕੰਮ ਕੀਤਾ ਤੇ ਲੋਕਾਂ ਦੇ ਦੁੱਖ ਸੁਖ ਵਿਚ ਹਿਸਾ ਪਾਇਆ ।

ਗਿਆਨੀ ਕਰਤਾਰ ਸਿੰਘ ਜੀ ਹੋਰਾਂ ਦਾ ਦੇਹ-ਸਸਕਾਰ ਦਸੰਬਰ 10, 1988 ਨੂੰ 11 ਵਜ ਕੇ 30 ਮਿੰਟ ਤੇ ਹੈਮਿਲਟਨ ਮਾਉਚਰੀ ਵਿਖੇ ਜਿਹੜਾ 41 ਐਵੇਨਿਊ ਅਤੇ ਫਰੇਜ਼ਰ ਸਟਰੀਟ 'ਤੇ ਹੈ, ਹੋ ਰਿਹਾ ਹੈ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਲਈ ਰਖਾਏ ਗਏ ਸਧਾਰਨ ਪਾਠ ਦਾ ਭੋਗ ਦਸੰਬਰ 18, 1988 ਨੂੰ ਦੁਪਹਿਰ ਬਾਅਦ 4 ਵਜੇ ਸ਼ਾਮ ਪਵੇਗਾ । ਸਾਰੇ ਰਿਸ਼ਤੇਦਾਰਾਂ, ਸੱਜਣਾਂ, ਦੋਸਤਾਂ ਨੂੰ ਬੇਨਤੀ ਹੈ ਕਿ ਅੰਤਮ ਅਰਦਾਸ ਵਿਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ।

ਹੋਰ ਜਾਣਕਾਰੀ ਲਈ ਫੋਨ ਕਰੋ :

ਪ੍ਰੇਮ ਤੱਖਰ 588-3615

# ਸਾਥੀ ਗਦਰਾ ਨੂੰ ਹੰਝੂਆਂ ਭਰੀ ਵਿਦਾਇਗੀ

ਜਲੰਧਰ — ਦਹਿਸ਼ਤਗਰਦਾਂ ਵਲੋਂ ਸ਼ਹੀਦ ਕੀਤੇ ਗਏ ਸੀ ਪੀ ਆਈ ਦੀ ਜਲੰਧਰ ਜ਼ਿਲਾ ਅਗਜ਼ੈਕਟਿਵ ਦੇ ਮੈਂਬਰ ਤੇ ਕਿਸਾਨ ਆਗੂ ਅਜੀਤ ਸਿੰਘ ਗਦਰਾ ਨੂੰ ਉਨ੍ਹਾਂ ਦੇ ਜੱਦੀ ਪਿੰਡ ਗਦਰਾ ਵਿਚ ਹੰਝੂਆਂ ਭਰੀ ਵਿਦਾਇਗੀ ਦਿਤੀ ਗਈ ।

# ਕਰਤਾਰ ਫੋਟੋ ਸਟੂਡੀਓ

**1 HOUR PHOTO SERVICE**
**KARTAR PHOTO STUDIO**
**4279 - Fraser St. (27th Ave.)**
**Vancouver, B.C.**
**We Do Passport, 5 Mins. Service, Portrait Photos & Weddings**

**Off; 872-6060**



**FREE!! FREE!!!**
**1-5×7 STUDIO PORTRAIT**
$15.00 Value-- Free with this Coupon
With any Photo


# ਅਫਗਾਨ ਸਮੱਸਿਆ ਦੇ ਹੱਲ ਦੇ ਆਸਾਰ

ਕਾਹਰਾ — ਖਬਰ ਹੈ ਕਿ ਪਿਛਲੇ ਦਿਨੀਂ ਸੋਵੀਅਤ ਯੂਨੀਅਨ ਦੇ ਉਪ ਬਦੇਸ਼ ਮੰਤਰੀ ਨੇ, ਅਫਗਾਨ ਭਗੌੜਿਆਂ ਦੇ ਨੁਮਾਇੰਦਿਆਂ ਨਾਲ ਸਾਊਦੀ ਅਰਬ ਦੀ ਰਾਜਧਾਨੀ ਰਿਆਦ ਵਿਚ ਇਕ ਮੀਟਿੰਗ ਕੀਤੀ ਸੀ। ਮੀਟਿੰਗ ਦੇ ਵੇਰਵੇ ਤਾਂ ਪਤਰਕਾਰਾਂ ਨੂੰ ਨਹੀਂ ਦਿੱਤੇ ਗਏ। ਪਰ ਪਿਛੋਂ ਸੋਵੀਅਤ ਮੰਤਰੀ ਨੇ ਕਾਹਰਾ ਵਿਚ ਦੱਸਿਆ ਕਿ ਗੱਲਬਾਤ ਫਿਰ ਦੁਬਾਰਾ ਹੋਵੇਗੀ । ਉਨ੍ਹਾਂ ਕਿਹਾ ਕਿ ਅਫਗਾਨਸਤਾਨ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਅਨੁਸਾਰ ਅਫਗਾਨਸਤਾਨ ਵਿਚ ਸਾਂਝੀ ਸਰਕਾਰ ਬਣ ਸਕੇਗੀ । ਇਹ ਆਸ ਕੀਤੀ ਜਾਂਦੀ ਹੈ ਕਿ ਮਿਥੇ ਪ੍ਰੋਗਰਾਮ ਅਨੁਸਾਰ ਫਰਵਰੀ 1989 ਦੇ ਅੰਤ ਤਕ ਸਾਰੀਆਂ ਸੋਵੀਅਤ ਫੌਜਾਂ ਅਫਗਾਨਸਤਾਨ ਵਿਚੋਂ ਵਾਪਸ ਚਲੀਆਂ ਜਾ ਸਕਣਗੀਆਂ ।


ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

# ਘੱਟ ਤੋਂ ਘੱਟ ਕਿਰਾਏ

**London** From **$548.00** **Toronto** From **$299.00**



***AUTHORIZED AGENTS FOR:***

AIR CANADA — CANADIAN AIRLINES INTERNATIONAL
BRITISH AIRWAYS — THAI AIRWAYS INTERNATIONAL
CATHAY PACIFIC — & OTHER MAJOR AIRLINES

**ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ**
**ਘੱਟ ਤੋਂ ਘੱਟ ਕਿਰਾਏ**
**ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ**

Prices are subject to change without notice

# BAINS TRAVEL SERVICE

**6364 Fraser Street, Vancouver, B.C. Ph. 324-2277**
**935 Marine Drive Capilano Mall, N. Vancouver**
**1710 Douglas St. Victoria, B.C. Ph. 386-6363**


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To
**The Canada Darpan**
**P.O.BOX 265**
**Surrey, B.C.**
**Canada, V3T 4W8**
**Ph. 581-4473**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.................................................
Address.............................................
City....................................................
Province............................................
Postal code........................................
PHONE.

| | |
|---|---|
| One Year .................. | 30 dollars |
| Two Year .................. | 55 dollars |
| Three year ................ | 80 dollars |
| Life membership........ | 500 dollars |
| ASIA.......................... | 150 dollars [a year] |
| U.S.A. ...................... | 35 dollars [a year] |
| Europe ...................... | 150 dollars[a year] |
| Africa ....................... | 150 dollars [a year] |


CALL US FIRST

IATA APPROVED OFFICE

# Express Internationl Travel Ltd.

ATAC

**Affiliated with G.B. Morrison Travel Montreal**

**Approved Agent All Major Airlines**

**ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ**

ਸਿਘਾਂਪੁਰ **$1050** ਰੀਟਰਨ ਹਾਂਗਕਾਂਗ **$870** ਰੀਟਰਨ ਟਰਾਂਟੋ **$269** ਇੰਗਲੈਂਡ **$577** ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ ।

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੇਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,



AJIT KANG



GM

# WESTMINSTER

**12th. STREET AT QUEENS AVE., NEW WESTMINSTER, B.C.**

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ ।

**BUS. 521-7731**
**Pager 687-1985 #5531**

FOR **BEST DEAL & BEST SERVICE**





ਗੁਰਜੀਤ ਢੀਂਡਸਾ ਬਾਵਾ

# ਪੰਜਾਬ ਪੁਲੀਸ ਦੇ ਮੁਖੀ ਖਿਲਾਫ ਅਦਾਲਤ 'ਚ ਕੇਸ

ਚੰਡੀਗੜ੍ਹ — ਸ੍ਰੀ ਬੀ. ਆਰ. ਬਜਾਜ ਸਪੈਸ਼ਲ ਸਕੱਤਰ (ਖੇਤੀਬਾੜੀ) ਪੰਜਾਬ ਨੇ ਚੀਫ ਜੁਡੀਸ਼ਲ ਮੈਜਿਸਟਰੇਟ ਸ੍ਰੀ ਆਰ ਸੀ ਗੁਪਤਾ ਦੀ ਅਦਾਲਤ ਵਿਚ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਕੇ ਪੀ ਐਸ ਗਿੱਲ ਖਿਲਾਫ ਧਾਰਾ 341, 342, 352, 354, 355 ਅਤੇ 509 ਅਧੀਨ ਇਸਤਗਾਸਾ ਦਾਇਰ ਕਰਕੇ ਦੋਸ਼ ਲਾਇਆ ਹੈ ਕਿ ਸ੍ਰੀ ਗਿੱਲ ਨੇ ਉਨ੍ਹਾਂ ਦੀ ਪਤਨੀ ਨਾਲ ਦੁਰਵਿਵਹਾਰ ਕੀਤਾ ਹੈ। ਸ੍ਰੀ ਗੁਪਤਾ ਨੇ ਸ੍ਰੀ ਬਜਾਜ ਵਲੋਂ ਦਰਜ ਸ਼ਿਕਾਇਤ ਨੂੰ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਸ੍ਰੀ ਜੇ ਐਸ ਸੇਵਕ ਨੂੰ ਸੌਂਪ ਦਿੱਤਾ ਹੈ।

ਆਪਣੀ ਪੰਜ ਸਫਿਆਂ ਦੀ ਸ਼ਿਕਾਇਤ ਵਿਚ ਸ੍ਰੀ ਬਜ਼ਾਜ ਨੇ 18 ਜੁਲਾਈ ਨੂੰ ਪੰਜਾਬ ਦੇ ਗ੍ਰਹਿ ਸਕੱਤਰ ਸ੍ਰੀ ਐਸ ਐਲ ਕਪੂਰ ਦੇ ਘਰ ਰਾਤ ਦੇ ਖਾਣੇ 'ਤੇ ਵਾਪਰੀ ਸਾਰੀ ਘਟਨਾ ਦਾ ਵੇਰਵਾ ਬਿਆਨ ਕੀਤਾ, ਜਿਸ ਸਬੰਧੀ ਪਹਿਲਾਂ ਹੀ ਅਖਬਾਰਾਂ ਵਿਚ ਕਾਫੀ ਕੁਝ ਛਪ ਚੁਕਿਆ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਘਟਨਾ ਵਾਲੀ ਰਾਤ ਨੂੰ ਲਗਪਗ 10 ਵਜੇ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਗਿੱਲ ਉਸ ਥਾਂ 'ਤੇ ਜਾ ਪਹੁੰਚੇ ਜੋ ਔਰਤਾਂ ਦੇ ਬੈਠਣ ਲਈ ਬਣਾਈ ਗਈ ਸੀ ਅਤੇ ਸ਼ਿਕਾਇਤ ਕਰਤਾ ਦੀ ਪਤਨੀ (ਮਿਸਜ਼ ਬਜਾਜ) ਦੀ ਕੁਰਸੀ ਤੋਂ ਪੰਜ ਕੁਰਸੀਆਂ ਪਰੇ ਇਕ ਖਾਲੀ ਕੁਰਸੀ 'ਤੇ ਬੈਠ ਗਏ। ਇਸੇ ਦੌਰਾਨ ਕੁਝ ਔਰਤਾਂ ਉਥੋਂ ਉਠ ਕੇ ਚਲੀਆਂ ਗਈਆਂ। ਸ੍ਰੀ ਗਿੱਲ ਨੇ ਮਿਸਜ ਬਜਾਜ ਨੂੰ ਕਿਹਾ ਕਿ ਉਹ ਉਸ ਦੇ ਕੋਲ ਆ ਕੇ ਬੈਠੇ ਕਿਉਂਕਿ ਉਸ ਨੇ ਉਸ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੈ।

ਸ੍ਰੀ ਬਜਾਜ ਨੇ ਦੋਸ਼ ਲਾਇਆ ਹੈ ਕਿ ਮੇਰੀ ਪਤਨੀ ਬਿਨਾਂ ਕਿਸੇ ਡਰ ਭੈਅ ਦੇ ਸੀ ਗਿੱਲ ਦੇ ਨਾਲ ਵਾਲੀ ਕੁਰਸੀ 'ਤੇ ਬੈਠ ਗਈ। ਸ੍ਰੀ ਗਿੱਲ ਨੇ ਮਿਸਜ ਬਜਾਜ ਦੀ ਕੁਰਸੀ ਨੂੰ ਖਿਚ ਕੇ ਆਪਣੇ ਨੇੜੇ ਕਰ ਲਿਆ ਜਿਸ 'ਤੇ ਮੇਰੀ ਪਤਨੀ ਨੇ ਸ੍ਰੀ ਗਿੱਲ ਦੇ ਇਸ ਐਕਸ਼ਨ ਨੂੰ ਜਾਣ ਬੁਝ ਕੇ ਕੀਤਾ ਗਿਆ ਐਕਸ਼ਨ ਸਮਝ ਲਿਆ ਅਤੇ ਆਪਣੀ ਕੁਰਸੀ ਖਿਚ ਕੇ ਮੁੜ ਪਿੱਛੇ ਕਰ ਲਈ। ਇਸ 'ਤੇ ਸ੍ਰੀ ਗਿੱਲ ਨੇ ਇਕ ਵਾਰ ਮੁੜ ਸ੍ਰੀਮਤੀ ਬਜਾਜ ਦੀ ਕੁਰਸੀ ਖਿਚ ਕੇ ਨੇੜੇ ਕੀਤੀ। ਸ੍ਰੀ ਬਜਾਜ ਨੇ ਦੋਸ਼ ਲਾਇਆ ਕਿ ਸ੍ਰੀ ਗਿੱਲ ਵਲੋਂ ਇਹ ਜਾਣਬੁਝ ਕੇ ਅਤੇ ਹੱਤਕ ਕਰਨ ਦੇ ਇਰਾਦੇ ਨਾਲ ਕੀਤੀ ਗਈ ਕਾਰਵਾਈ ਸੀ।

ਸ੍ਰੀ ਬਜਾਜ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਪਹਿਲੀ ਘਟਨਾ ਤੋਂ ਕੁਝ ਸਮਾਂ ਬਾਅਦ ਸ੍ਰੀ ਗਿੱਲ ਆਪਣੀ ਕੁਰਸੀ ਤੋਂ ਉਠ ਕੇ ਉਸ ਦੀ ਪਤਨੀ ਦੇ ਸਾਹਮਣੇ ਆ ਕੇ ਖੜ੍ਹਾ ਹੋ ਗਿਆ ਅਤੇ ਆਪਣਾ ਹੱਥ ਮੇਰੀ ਪਤਨੀ ਦੇ ਚਿਹਰੇ 'ਤੇ ਲਾ ਕੇ ਧੀਮੀ ਆਵਾਜ਼ 'ਚ ਕਹਿਣ ਲੱਗਿਆ ਕਿ ਉਹ ਉਠ ਕੇ ਉਸ ਦੇ ਨਾਲ ਚਲੇ ਅਤੇ ਸ੍ਰੀ ਗਿੱਲ ਨੇ ਇਹ ਹਰਕਤ ਤਿੰਨ ਵਾਰ ਕੀਤੀ।

ਸ੍ਰੀ ਬਜਾਜ ਨੇ ਕਿਹਾ ਹੈ ਕਿ ਉਸ ਦੀ ਪਤਨੀ ਸ੍ਰੀਮਤੀ ਬਜਾਜ ਨੇ ਇਸ ਘਟਨਾ ਸਬੰਧੀ ਮੁਖ ਸਕੱਤਰ ਸ੍ਰੀ ਆਰ ਪੀ ਓਝਾ, ਰਾਜਪਾਲ ਦੇ ਸਕੱਤਰ ਸ੍ਰੀ ਵਾਈ ਐਸ ਰੱਤੜਾ ਤੇ ਰਾਜਪਾਲ ਦੇ ਸਲਾਹਕਾਰ ਸ੍ਰੀ ਜੇ ਐਫ ਰਿਬੇਰੋ ਦੇ ਧਿਆਨ ਵਿਚ ਲਿਆਂਦਾ ਅਤੇ ਸ੍ਰੀ ਐਸ ਐਲ ਕਪੂਰ ਨੇ ਵੀ ਖੁਦ ਆਪਣੀ ਅੱਖੀਂ ਸਾਰੀ ਘਟਨਾ ਨੂੰ ਦੇਖਿਆ। ਜਦੋਂ ਇਨ੍ਹਾਂ ਅਧਿਕਾਰੀਆਂ ਨੇ ਸ੍ਰੀ ਗਿੱਲ ਵਿਰੁਧ ਕੋਈ ਕਾਰਵਾਈ ਨਾ ਕੀਤੀ ਤਾਂ ਉਸ ਨੇ ਚੰਡੀਗੜ੍ਹ ਪੁਲੀਸ 'ਚ ਐਫ ਆਈ ਆਰ ਵੀ ਦਰਜ ਕਰਵਾਈ

ਸ੍ਰੀ ਬਜਾਜ ਨੇ ਸ਼ੰਕਾ ਪ੍ਰਗਟ ਕੀਤਾ ਕਿ ਚੰਡੀਗੜ੍ਹ ਪੁਲੀਸ ਨੇ ਇਸ ਕੇਸ ਨੂੰ ਅਣਗੌਲਿਆ ਕਰ ਦਿੱਤਾ। ਇਸ ਲਈ ਉਨ੍ਹਾਂ ਨੂੰ ਚੰਡੀਗੜ੍ਹ ਪੁਲੀਸ 'ਤੇ ਕੋਈ ਵਿਸ਼ਵਾਸ ਨਹੀਂ ਕਿ ਉਹ ਇਸ ਕੇਸ ਨੂੰ ਠੀਕ ਢੰਗ ਨਾਲ ਨਜਿਠੇਗੀ ਕਿਉਂਕਿ ਦੋਸ਼ੀ ਉਚ ਪੁਲੀਸ ਅਧਿਕਾਰੀ ਹੈ।

ਸ੍ਰੀ ਬਜਾਜ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਹ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਦੇ ਖਿਲਾਫ ਕਾਰਵਾਈ ਕਰੇ।

# ਕੈਦੀਆਂ ਨੂੰ ਨਵੀਂ ਸਰਕਾਰ ਤੋਂ ਆਸਾਂ

ਨਵੀਂ ਦਿੱਲੀ — 43 ਭਾਰਤੀ ਪਰਿਵਾਰ ਬੜੀ ਉਤਸੁਕਤਾ ਨਾਲ ਇਸ ਗੱਲ ਦੀ ਉਡੀਕ ਕਰ ਰਹੇ ਹਨ ਕਿ ਪਾਕਿਸਤਾਨ ਵਿਚ ਜਮਹੂਰੀ ਸਰਕਾਰ ਬਣਨ ਨਾਲ ਉਨ੍ਹਾਂ ਦਾ 17 ਸਾਲਾਂ ਤੋਂ ਚਲਿਆ ਆ ਰਿਹਾ ਸੰਤਾਪ ਦੂਰ ਹੋ ਜਾਵੇਗਾ। 1971 ਦੀ ਭਾਰਤ-ਪਾਕਿ ਜੰਗ ਦੌਰਾਨ ਲਾਪਤਾ ਹੋਏ ਫੌਜੀ ਜਵਾਨਾਂ ਦੇ ਪਰਿਵਾਰਾਂ ਨੇ ਅਜੇ ਤਕ ਵੀ ਉਮੀਦ ਨਹੀਂ ਛੱਡੀ। ਉਨ੍ਹਾਂ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਉਨ੍ਹਾਂ ਦੇ ਜੀਵਨ ਸਾਥੀ ਜਿਉਂਦੇ ਹਨ ਤੇ ਪਾਕਿਸਤਾਨ ਦੀਆਂ ਜੇਲ੍ਹਾਂ ਅੰਦਰ ਡੱਕੇ ਹੋਏ ਹਨ।

ਪਾਕਿਸਤਾਨ ਸਰਕਾਰ ਵਲੋਂ ਵਾਰ ਵਾਰ ਇਹ ਬਿਆਨ ਦੇਣ ਉਤੇ ਕਿ ਕੋਈ ਵੀ ਭਾਰਤੀ ਫੌਜੀ ਉਥੋਂ ਦੀਆਂ ਜੇਲ੍ਹਾਂ ਵਿਚ ਨਹੀਂ, ਇਹ ਪਰਿਵਾਰ ਲਗਾਤਾਰ ਆਪਣੇ ਗਵਾਚਿਆਂ ਨੂੰ ਲੱਭਣ ਦਾ ਯਤਨ ਕਰਦੇ ਰਹੇ ਹਨ ਤੇ ਭਾਰਤ ਸਰਕਾਰ 'ਤੇ ਵੀ ਜ਼ੋਰ ਪਾਉਂਦੇ ਰਹੇ ਹਨ। ਪਾਕਿਸਤਾਨ ਸਰਕਾਰ ਦੇ ਜਵਾਬ ਤੋਂ ਸੰਤੁਸ਼ਟ ਨਾ ਹੋ ਕੇ ਭਾਰਤ ਸਰਕਾਰ ਸਮੇਂ ਇਨ੍ਹਾਂ ਪਰਿਵਾਰਾਂ ਦਾ ਕੇਸ ਪਾਕਿਸਤਾਨ ਕੋਲ ਉਠਾਉਂਦੀ ਰਹੀ ਹੈ। ਪਾਰਲੀਮੈਂਟ ਵਿਚ 2 ਨਵੰਬਰ ਨੂੰ ਇਕ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਮੰਤਰੀ ਪੀ ਵੀ ਨਰਸਿਮਹਾ ਰਾਓ ਨੇ ਕਿਹਾ ਕਿ ਜਨਰਲ ਜ਼ਿਆ-ਉਲ-ਹੱਕ ਦੀ ਮੌਤ ਤੋਂ ਬਾਅਦ ਇਨ੍ਹਾਂ ਲੋਕਾਂ ਦੀ ਵਾਪਸੀ ਲਈ ਤਾਜ਼ਾ ਯਤਨ ਕੀਤੇ ਗਏ ਹਨ ਪਰ ਪਾਕਿਸਤਾਨ ਸਰਕਾਰ ਇਹ ਸਟੈਂਡ ਲਈ ਜਾ ਰਹੀ ਹੈ ਕਿ ਉਥੇ ਦੀਆਂ ਜੇਲ੍ਹਾਂ ਅੰਦਰ ਐਸੇ ਕੋਈ ਭਾਰਤੀ ਨਹੀਂ ਹਨ।

ਵਿਦੇਸ਼ ਮੰਤਰਾਲੇ ਦੇ ਸੂਤਰਾਂ ਅਨੁਸਾਰ ਸਰਕਾਰ ਇਹ ਮਾਮਲਾ ਮਨੁੱਖੀ ਆਧਾਰ ਉਤੇ ਸੁਲਝਾਉਣਾ ਚਾਹੁੰਦੀ ਹੈ ਤੇ ਇਸ ਮਾਮਲੇ ਵਿਚ ਰਾਜਸੀ ਮੱਤਭੇਦਾਂ ਨੂੰ ਵਿਚ ਨਹੀਂ ਲਿਆਉਣਾ ਚਾਹੁੰਦੀ।

ਮੰਤਰਾਲੇ ਨੂੰ ਉਮੀਦ ਹੈ ਕਿ ਪਾਕਿਸਤਾਨ ਵਿਚ ਨਵੀਂ ਸਰਕਾਰ ਵਲੋਂ ਕਾਰਜਭਾਰ ਸੰਭਾਲਣ 'ਤੇ ਇਸ ਮਾਮਲੇ 'ਚ ਪ੍ਰਗਤੀ ਹੋਵੇਗੀ। ਸੂਤਰਾਂ ਨੇ ਕਿਹਾ ਹੈ ਕਿ ਚੋਣਾਂ ਦਰਮਿਆਨ ਇਹ ਮਾਮਲਾ ਸਮੇਂ ਸਮੇਂ ਦੌਰਾਨ ਉਠਾਇਆ ਜਾਂਦਾ ਰਿਹਾ ਹੈ। ਪ੍ਰਭਾਵਤ ਪਰਿਵਾਰਾਂ ਨੇ ਕਈ ਤਰ੍ਹਾਂ ਦੇ ਸਬੂਤ ਪੇਸ਼ ਕੀਤੇ ਹਨ ਤੇ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਲਾਪਤਾ ਹੋਏ ਫੌਜੀ ਅਜੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹਨ। ਨਾਲ ਹੀ ਉਨ੍ਹਾਂ ਨੂੰ ਇਹ ਖਦਸ਼ਾ ਵੀ ਹੈ ਕਿ ਸ਼ਾਇਦ ਇਨ੍ਹਾਂ ਫੌਜੀਆਂ ਨੂੰ 'ਸੁਰੱਖਿਆ ਕੈਦੀ' ਬਣਾ ਕੇ ਏਕਾਂਤਵਾਸ ਕਰ ਦਿੱਤਾ ਗਿਆ ਹੋਵੇ।

ਇਸ ਸਾਲ ਮਈ ਵਿਚ ਜਦੋਂ ਦੋਵਾਂ ਧਿਰਾਂ ਦੇ ਸਾਧਾਰਨ ਕੈਦੀਆਂ ਦਾ ਵਟਾਂਦਰਾ ਕੀਤਾ ਗਿਆ ਸੀ ਤਦ ਪ੍ਰਭਾਵਤ ਪਰਿਵਾਰ ਆਪਣਿਆਂ ਦੀ ਪਛਾਣ ਕਰਨ ਲਈ ਵਾਹਘਾ ਬਾਰਡਰ ਵੀ ਪੁੱਜੇ ਸਨ। ਉਨ੍ਹਾਂ ਦਾ ਦਾਅਵਾ ਹੈ ਕਿ ਰਿਹਾਅ ਕੀਤੇ ਗਏ ਭਾਰਤੀ ਕੈਦੀਆਂ ਨੇ ਤਿੰਨ-ਚਾਰ ਭਾਰਤੀ ਅਫਸਰਾਂ ਨੂੰ ਉਸ ਵੇਲੇ ਪਛਾਣ ਲਿਆ ਸੀ ਜਦੋਂ ਉਨ੍ਹਾਂ ਨੂੰ ਤਸਵੀਰਾਂ ਦਿਖਾਈਆਂ ਗਈਆਂ। ਉਨ੍ਹਾਂ ਦੱਸਿਆ ਸੀ ਕਿ ਇਹ ਚਿਹਰੇ ਉਨ੍ਹਾਂ ਨੇ ਹਾਲ ਹੀ ਵਿਚ ਪਾਕਿਸਤਾਨ ਦੀਆਂ ਜੇਲ੍ਹਾਂ ਅੰਦਰ ਵੇਖੇ ਹਨ।

# ਕਾਂਗਰਸ ਸਰਕਾਰ ਤੇ ਭ੍ਰਿਸ਼ਟ ਹੋਣ ਦਾ ਦੋਸ਼

ਗੁਰਦਾਸਪੁਰ — ਧਾਰੀਵਾਲ ਨੇੜੇ ਪਿੰਡ ਲੇਹਲ-ਫਤੇ ਨੰਗਲ ਵਿਚ ਭਾਰਤੀ ਕਮਿਊਨਿਸਟ ਪਾਰਟੀ (ਮ. ਲ.) ਵਲੋਂ ਬੀਤੇ ਦਿਨੀਂ ਇਕ ਭਾਰਤੀ ਕਾਨਫਰੰਸ ਕੀਤੀ ਗਈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਸਿਧ ਨਾਟਕਕਾਰ ਸ੍ਰੀ ਗੁਰਸ਼ਰਨ ਸਿੰਘ ਅਤੇ ਪਾਰਟੀ ਦੇ ਜਾਇੰਟ ਸਕੱਤਰ ਕਾਮਰੇਡ ਗੁਰਮੀਤ ਸਿੰਘ ਨੇ ਕਿਹਾ ਕਿ ਮੌਜੂਦਾ ਕਾਂਗਰਸ ਸਰਕਾਰ ਪਿਛਲੇ ਸਮੇਂ ਦੀਆਂ ਸਭ ਸਰਕਾਰਾਂ ਤੋਂ ਵੱਧ ਭ੍ਰਿਸ਼ਟ ਅਤੇ ਨਿਕੰਮੀ ਸਰਕਾਰ ਸਾਬਤ ਹੋਈ ਹੈ।

ਪੰਜਾਬ ਬਾਰੇ ਆਪਣੇ ਭਾਸ਼ਨ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਸਮੱਸਿਆ ਨੂੰ ਕਾਂਗਰਸ ਦੀਆਂ ਨੀਤੀਆਂ ਲਗਾਤਾਰ ਵਿਗਾੜ ਰਹੀਆਂ ਹਨ। ਪੁਲੀਸ ਦਾ ਜਬਰ ਸਿੱਖ ਨੌਜਵਾਨਾਂ ਨੂੰ ਅਤਿਵਾਦੀ ਕਤਾਰਾਂ ਵਿਚ ਜਾਣ ਲਈ ਮਜ਼ਬੂਰ ਕਰ ਰਿਹਾ ਹੈ ਅਤੇ ਅਤਿਵਾਦ ਦੇ ਨਾਂ ਹੇਠਾਂ ਲੋਕਾਂ ਤੋਂ ਪੈਸੇ ਇਕੱਠੇ ਕੀਤੇ ਜਾ ਰਹੇ ਹਨ

ਕਾਨਫਰੰਸ ਵਿਚ ਮੰਗ ਕੀਤੀ ਗਈ ਕਿ ਪੰਜਾਬ ਸਮੱਸਿਆ ਦਾ ਸਿਆਸੀ ਹੱਲ ਕੀਤਾ ਜਾਵੇ, ਜੇਲ੍ਹਾਂ ਅੰਦਰ ਬੰਦ ਸਭ ਬੇਗੁਨਾਹਾਂ ਸਮੇਤ ਜੋਧਪੁਰ ਦੇ ਰਹਿੰਦੇ ਕੈਦੀ ਰਿਹਾਅ ਕੀਤੇ ਜਾਣ, ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਭ੍ਰਿਸ਼ਟ ਅਧਿਕਾਰੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਅਤੇ ਹੜ੍ਹ ਨਾਲ ਮਾਰੀ ਗਈ ਫਸਲ ਦਾ ਫੌਰੀ ਮੁਆਵਜ਼ਾ ਦਿੱਤਾ ਜਾਵੇ। ਕਾਨਫਰੰਸ ਤੋਂ ਬਾਅਦ ਨਾਟਕਕਾਰ ਗੁਰਸ਼ਰਨ ਸਿੰਘ ਵਲੋਂ 'ਕਾਮਰੇਡ', 'ਇਕ ਹੋਰ ਮਿਟੀ ਦਾ ਪੁੱਤ' ਤੇ 'ਨਵਾਂ ਜਨਮ' ਨਾਟਕ ਖੇਡੇ ਗਏ।

# ਕਾਮਰੇਡ ਬਲਜੀਤ ਸਿੰਘ ਦੀ ਹੱਤਿਆ ਦੀ ਨਿਖੇਧੀ

ਬਟਾਲਾ — ਸੀ ਪੀ ਆਈ (ਐਮ) ਦੀ ਬਟਾਲਾ ਇਕਾਈ ਦੀ ਇਕੱਤਰਤਾ ਇਥੇ ਗੁਰਮੇਜ ਕੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪੁਲੀਸ ਜ਼ਿਲਾ ਬਟਾਲਾ ਦੇ ਪਿੰਡ ਫਜਲਾਬਾਦ ਦੇ ਵਸਨੀਕ ਅਤੇ ਪਾਰਟੀ ਦੇ ਉਘੇ ਕਾਰਕੁਨ ਕਾਮਰੇਡ ਬਲਜੀਤ ਸਿੰਘ ਦੀ ਹੱਤਿਆ ਦੀ ਸਖਤ ਨਿਖੇਧੀ ਕੀਤੀ ਗਈ।

ਸਵਰਗੀ ਕਾਮਰੇਡ ਬਲਜੀਤ ਸਿੰਘ ਨੂੰ 13 ਨਵੰਬਰ ਨੂੰ ਉਸ ਦੇ ਪਿੰਡ [illegible]ਬਾਦ ਵਿਖੇ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

# ਵੀ. ਪੀ. ਸਿੰਘ ਦੇ ਵਾਹਨ 'ਤੇ ਪਥਰਾਓ

ਰਾਏਪੁਰ — ਇਥੋਂ ਸੱਠ ਕਿਲੋਮੀਟਰ ਦੂਰ ਮਹਾਸਮੁੰਦ ਕਸਬੇ ਵਿਚ ਜਦੋਂ ਜਨਤਾ ਦਲ ਦੇ ਪ੍ਰਧਾਨ ਵੀ ਪੀ ਸਿੰਘ ਤੇ ਹੋਰ ਪਾਰਟੀ ਆਗੂਆਂ ਦੇ ਵਾਹਨ ਪੁਜੇ ਤਾਂ ਕਾਂਗਰਸ (ਆਈ) ਵਰਕਰਾਂ ਵਲੋਂ ਉਨ੍ਹਾਂ ਉਪਰ ਪਥਰਾਓ ਕੀਤਾ ਗਿਆ। ਇਥੇ ਪੁਜੀਆਂ ਖਬਰਾਂ ਮੁਤਾਬਕ ਜਨਤਾ ਦਲ ਆਗੂਆਂ ਦੇ ਪੁੱਜਣ ਤੋਂ ਬਹੁਤ ਪਹਿਲਾਂ ਕਾਂਗਰਸ ਵਰਕਰ ਉਥੇ ਪੁੱਜ ਗਏ। ਉਨ੍ਹਾਂ 'ਰਾਜੀਵ ਗਾਂਧੀ ਜ਼ਿੰਦਾਬਾਦ', 'ਵੀ. ਪੀ ਸਿੰਘ ਵਾਪਸ ਜਾਓ' ਆਦਿ ਨਾਅਰੇ ਲਗਾਏ ਅਤੇ ਪਥਰਾਓ ਵੀ ਕੀਤਾ। ਇਸ ਮੌਕੇ 'ਤੇ ਥੋੜ੍ਹੀ ਬਹੁਤ ਖਿਚ-ਧੂਹ ਤੇ ਗਰਮਾ ਗਰਮੀ ਵੀ ਹੋਈ। ਪੁਲੀਸ ਨੇ ਦਖਲ ਦੇ ਕੇ ਸਥਿਤੀ ਨੂੰ ਠੀਕ ਕੀਤਾ। ਦੋਹਾਂ ਧਿਰਾਂ ਵਲੋਂ ਸ਼ਿਕਾਇਤ ਦੇਣ 'ਤੇ ਪੁਲੀਸ ਨੇ ਕੇਸ ਦਰਜ ਕਰ ਲਏ।

ਬਾਗ ਬਹਾਰਾ ਵਿਖੇ ਸ੍ਰੀ ਵੀ ਪੀ ਸਿੰਘ ਦੀ ਪਬਲਿਕ ਮੀਟਿੰਗ ਵਿਚ ਕਾਂਗਰਸ (ਆਈ) ਵਰਕਰਾਂ ਨੇ ਇਸ਼ਤਿਹਾਰ ਸੁੱਟੇ ਜਿਨ੍ਹਾਂ ਵਿਚ ਸ੍ਰੀ ਵੀ ਪੀ ਸਿੰਘ ਨੂੰ ਕੁਝ ਸਵਾਲ ਕੀਤੇ ਗਏ ਹਨ। ਸ੍ਰੀ ਵੀ ਪੀ ਸਿੰਘ ਨੇ ਆਪਣੇ ਭਾਸ਼ਨਾਂ ਵਿਚ ਫੇਰ ਕਿਹਾ ਕਿ ਸ੍ਰੀ ਰਾਜੀਵ ਗਾਂਧੀ ਨੇ ਬੋਫਰਜ਼ ਤੋਪਾਂ ਦੇ ਸੌਦੇ ਵਿਚ ਕਮਿਸ਼ਨ ਲਿਆ।


## ਰੈਸਟੋਰੈਂਟ ਸੇਲ ਉਤੇ

ਸਰੀ-ਡੈਲਟਾ ਪੰਜਾਬੀ ਮਾਰਕਿਟ ਵਿਚ

## ਮਿਸਟਰ ਮਾਈਕ ਰੈਸਟੋਰੈਂਟ

(ਜੋ ਕਿ 9261 — ਸਕਾਟ ਰੋਡ 'ਤੇ ਹੈ)

## ਸੇਲ ਉਤੇ ਹੈ

## ਕੀਮਤ ਸਿਰਫ 49900 ਡਾਲਰ

ਰੈਸਟੋਰੈਂਟ ਦਾ ਸਾਰਾ ਸਾਮਾਨ ਵੀ ਇਸ ਕੀਮਤ ਵਿਚ ਸ਼ਾਮਲ ਹੈ

ਹੋਰ ਜਾਣਕਾਰੀ ਲਈ ਫੋਨ ਕਰੋ

ਦਲਜੀਤ ਸਿੰਘ ਤੂਰ

**Daljit S. Toor**

**Bus: 590-3231**

**Res: 594-7629**

ਜਾਂ

ਮਲਕੀਤ ਪਰਮਾਰ

**Malkit Parmar**

**Bus: 590-3231**

**Res: 589-2650**

L/R LAKEVIEW REALTY LTD. DELTA

590-3231


## ਸੰਖੇਪ ਪਰ ਵਿਸ਼ੇਸ਼

- ਸੁਪਰੀਮ ਕੋਰਟ ਸਤਵੰਤ ਸਿੰਘ ਦੀ ਪਟੀਸ਼ਨ ਦੀ ਸੁਣਵਾਈ 8 ਦਸੰਬਰ ਨੂੰ ਕਰੇਗੀ
- ਪਿਛਲੇ 24 ਘੰਟਿਆਂ ਵਿਚ ਪੰਜਾਬ ਦੀ ਹਿੰਸਾ ਵਿਚ 9 ਮੌਤਾਂ ਹੋਈਆਂ। ਦੋ ਦਹਿਸ਼ਤਗਰਦ ਅਵਤਾਰ ਸਿੰਘ ਤੇ ਗੁਲਜ਼ਾਰ ਸਿੰਘ ਲੁਧਿਆਣੇ 'ਚ ਮਾਰੇ ਗਏ। ਦੋ ਸਿਪਾਹੀ ਨਿਰਮਲ ਸਿੰਘ ਤੇ ਲਖਵਿੰਦਰ ਸਿੰਘ ਅਤਿਵਾਦੀ ਗੋਲੀਆਂ ਦਾ ਸ਼ਿਕਾਰ ਹੋਏ।
- ਲੁਧਿਆਣਾ ਵਿਚ ਬੰਬ ਧਮਾਕੇ — ਇਕ ਵਿਦਿਆਰਥੀ ਜ਼ਖਮੀ
- ਲੁਧਿਆਣੇ 'ਚ ਸਰੂਪ ਸਿੰਘ ਤੋਂ ਇਕ ਲੱਖ ਰੁਪਏ ਲੁੱਟੇ
- ਅੰਮ੍ਰਿਤਸਰ 'ਚ ਸਤਵੀਂ ਵਾਰ ਰਾਕਟਾਂ ਦੇ ਹਮਲੇ
- ਬਰਨਾਲਾ ਨੇ ਬਰਤਨਾਂ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਜੋ 18 ਦਿਨ ਜਾਰੀ ਰਹੇਗਾ। 5 ਅਖੰਡ ਪਾਠ ਕਰਾਉਣੇ ਪੈਣਗੇ। ਖੰਭੇ ਨਾਲ ਖੜ੍ਹਕੇ 5 ਵਾਰ ਮੂਲਮੰਤਰ ਦਾ ਪਾਠ ਕੀਤਾ।
- ਪਾਰਲੀਮੈਂਟ 'ਚ ਗੁੰਬੀਆਂ ਦੇ ਐਕਸ਼ਨ ਦੀ ਨਿੰਦਾ — ਅਕਾਲੀ ਜਥੇਦਾਰ ਰਾਜਨੀਤੀ ਦਾ ਖਹਿੜਾ ਨਹੀਂ ਛੱਡ ਰਹੇ
- ਰਛਪਾਲ ਸਿੰਘ ਵਲੋਂ ਜਥੇਦਾਰਾਂ ਦੀ ਨਿੰਦਾ
- ਅਕਾਲ ਫੈਡਰੇਸ਼ਨ ਵਲੋਂ ਪ੍ਰੋ: ਦਰਸ਼ਨ ਸਿੰਘ ਨੂੰ ਧਮਕੀ — ਬਰਨਾਲਾ ਨੂੰ ਮੁਆਫ਼ ਕਰਨ ਦੀ ਸਜ਼ਾ ਮਿਲੇਗੀ

# ਸੁਰੱਖਿਆ ਦਲਾਂ ਨੂੰ ਹੜ੍ਹਾਂ ਦੀ ਅਗਾਊਂ ਸੂਚਨਾ ਸੀ

ਚੰਡੀਗੜ੍ਹ — ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿਚ ਸਤੰਬਰ ਮਹੀਨੇ ਆਏ ਹੜ੍ਹਾਂ ਕਾਰਨ ਜਿਹੜੀ ਭਿਆਨਕ ਤਬਾਹੀ ਹੋਈ ਸੀ ਉਸ ਵਿਚ ਹੜ੍ਹਪੀੜਤ ਇਲਾਕਿਆਂ ਵਿਚ ਬੀ. ਐਸ. ਐਫ., ਸੀ. ਆਰ. ਪੀ. ਤੇ ਹੋਰ ਸੁਰੱਖਿਆ ਦਲਾਂ ਦਾ ਨੁਕਸਾਨ ਇਸ ਲਈ ਨਾਂ-ਮਾਤਰ ਹੋਇਆ ਕਿਉਂਕਿ ਭਾਖੜਾ ਡੈਮ ਤੋਂ ਪਾਣੀ ਛੱਡਣ ਤੋਂ ਪਹਿਲਾਂ ਸੁਰੱਖਿਆ ਦਲਾਂ ਨੂੰ ਹੜ੍ਹਾਂ ਦੇ ਖਤਰੇ ਤੋਂ ਅਗਾਊਂ ਤੌਰ 'ਤੇ ਸੂਚਿਤ ਕਰ ਦਿੱਤਾ ਗਿਆ ਸੀ।

ਸਰਕਾਰੀ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਗੁਰਦਾਸਪੁਰ, ਕਪੂਰਥਲਾ, ਅੰਮ੍ਰਿਤਸਰ ਤੇ ਜਲੰਧਰ ਜ਼ਿਲਿਆਂ ਦੇ ਹੜ੍ਹਪੀੜਤ ਇਲਾਕਿਆਂ ਵਿਚ ਹੜ੍ਹਾਂ ਦਾ ਪਾਣੀ ਦਾਖਲ ਹੋਣ ਤੋਂ ਪਹਿਲਾਂ ਹੀ ਸੁਰੱਖਿਆ ਦਲਾਂ ਨੇ ਟੈਂਟ ਆਦਿ ਪੁੱਟ ਕੇ ਟਰੱਕਾਂ ਵਿਚ ਲੱਦ ਲਏ ਸਨ ਅਤੇ ਆਪਣੇ ਕੈਂਪ ਖਾਲੀ ਕਰਾ ਦਿੱਤੇ ਸਨ। ਸੂਤਰਾਂ ਅਨੁਸਾਰ ਡਿਪਟੀ ਕਮਿਸ਼ਨਰਾਂ ਤੇ ਪੁਲੀਸ ਅਧਿਕਾਰੀਆਂ ਨੇ ਹੜ੍ਹ ਦੀਆਂ ਸੰਭਾਵਨਾਵਾਂ ਪ੍ਰਤੀ ਲੋਕਾਂ ਨੂੰ ਅਗਾਊਂ ਤੌਰ 'ਤੇ ਚੌਕਸ ਨਹੀਂ ਕੀਤਾ ਜਿਸ ਕਾਰਨ ਲੋਕਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ।

INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



C.S. Mangat
(Ex. Bank Manager)

MANGAT AGENCIES
No. 5 ~~No. 2-7171~~ King George HWY
SURREY, B.C.
(Authorized Ad)

594-5711 594-2254


# ਰਾਜੀਵ ਤੋਂ ਦਿੱਲੀ ਗੁਰਦੁਆਰਾ ਕਮੇਟੀ ਭੰਗ ਕਰਕੇ ਚੋਣਾਂ ਕਰਾਉਣ ਦੀ ਮੰਗ

ਨਵੀਂ ਦਿੱਲੀ — ਸ਼੍ਰੋਮਣੀ ਅਕਾਲੀ ਦਲ (ਲੌਂ:) ਦੇ ਪ੍ਰਚਾਰ ਸਕੱਤਰ ਸ੍ਰੀ ਜਗਦੇਵ ਸਿੰਘ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਸਿਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਭੰਗ ਕਰ ਕੇ ਨਵੀਆਂ ਚੋਣਾਂ ਕਰਵਾਈਆਂ ਜਾਣ। ਸ੍ਰੀ ਗਾਂਧੀ ਨੂੰ ਲਿਖੇ ਇਕ ਪੱਤਰ ਵਿਚ ਸ੍ਰੀ ਜਗਦੇਵ ਸਿੰਘ ਨੇ ਕਿਹਾ ਹੈ ਕਿ ਦਿੱਲੀ ਸਿਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ 1979 ਵਿਚ ਅਗਲੇ ਚਾਰ ਵਰ੍ਹਿਆਂ ਲਈ ਹੋਈਆਂ ਸਨ। ਉਸ ਤੋਂ ਬਾਅਦ 1983 ਵਿਚ ਨਵੀਆਂ ਚੋਣਾਂ ਹੋਈਆਂ ਸਨ, ਪ੍ਰੰਤੂ ਨਹੀਂ ਹੋਈਆਂ ਅਤੇ ਰੂਲਿੰਗ ਗਰੁਪ ਆਪਣੇ ਰਾਜਨੀਤਕ ਹਿਤਾਂ ਕਾਰਨ ਮੌਜੂਦਾ ਹਾਊਸ ਦੀ ਮਿਆਦ ਸਾਲ-ਦਰ-ਸਾਲ ਵਧਾਉਂਦਾ ਆ ਰਿਹਾ ਹੈ।

ਸ੍ਰੀ ਜਗਦੇਵ ਸਿੰਘ ਨੇ ਦੋਸ਼ ਲਾਇਆ ਕਿ ਕਮੇਟੀ ਵਿਚ 'ਰੂਲਿੰਗ ਕਲਿੱਕ' ਨੇ ਕਈ ਸਾਲਾਂ ਤੋਂ ਨਾ ਤਾਂ ਕਦੇ ਜਨਰਲਬਾਡੀ ਮੀਟਿੰਗ ਬੁਲਾਈ ਹੈ ਤੇ ਨਾ ਹੀ ਕਦੇ ਐਗਜ਼ੈਕਟਿਵ ਕਮੇਟੀ ਦੇ ਪ੍ਰਸ਼ਾਸਨਿਕ, ਰਾਜਨੀਤਕ ਜਾਂ ਕਿਸੇ ਹੋਰ ਕੰਮ ਨੂੰ ਕੋਈ ਕਾਨੂੰਨੀ ਮਾਨਤਾ ਦਿੱਤੀ। ਸ੍ਰੀ ਜਗਦੇਵ ਸਿੰਘ ਨੇ ਦੋਸ਼ ਲਾਇਆ ਕਿ ਗੁਰਦੁਆਰੇ ਦੇ ਕਰੋੜਾਂ ਰੁਪਏ ਦੇ ਫੰਡਾਂ ਨੂੰ ਬੇਰਹਿਮੀ ਨਾਲ ਖਰਚ ਕੀਤਾ ਜਾ ਰਿਹਾ ਹੈ, ਗੈਰਕਾਨੂੰਨੀ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਗੈਰਮਨਜ਼ੂਰਸ਼ੁਦਾ ਖਰੀਦ 'ਚ ਪੈਸਿਆਂ ਦੀ ਹੇਰਾਫੇਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿੰਨੇ ਹੀ ਸਾਲਾਂ ਤੋਂ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਖਾਤਿਆਂ ਦਾ ਆਡਿਟ ਨਹੀਂ ਕਰਵਾਇਆ ਗਿਆ। ਉਨ੍ਹਾਂ ਸ੍ਰੀ ਰਾਜੀਵ ਗਾਂਧੀ ਨੂੰ ਪੰਜਾਬ ਮਸਲੇ ਦਾ ਛੇਤੀ ਹੱਲ ਕਰਨ ਦੀ ਅਪੀਲ ਵੀ ਕੀਤੀ।


ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ. ਯੂ.)
ਨੋਟਰੀ ਪਬਲਿਕ

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਟਗੇਜ ਲੈਣ ਲਈ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
- ਡੈਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

ਇਮੀਗਰੇਸ਼ਨ ਸਲਾਹਕਾਰ

- ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
- Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਦੇ ਆਮ ਮਸਲੇ
- ਭਾਰਤੀ ਕਾਨੂੰਨਾਂ ਬਾਰੇ ਸਲਾਹ
- ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ



ਜਗਦੀਸ਼ ਸਿੰਘ [B.A. L.L.B. (Pb. U.)]
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

Ph. Off: 324-6727 Res: 324-4160
(ਦਫ਼ਤਰ ਸ਼ਨਿਚਰਵਾਰ ਵੀ ਖੁਲ੍ਹਦਾ ਹੈ)
#201 - 2001 East 36th Ave. [at victoria]
Vancouver. B.C. V5P 1C9



ਜਾਇਦਾਦ ਖ੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੁਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

ਭੁਪਿੰਦਰ ਸਿੰਘ ਸੋਢੀ
PH. Bus. 437-9431
Res. 434-8987
UNITED REALTY
2443 Kingsway, Vancouver, B.C.
V5R 5G8



"FOR ALL YOUR PRINTING NEEDS"

dhannu printing co. ltd.

Printers □ Lithographers

English Wedding Cards and other Printing at reasonable rates

ਧੰਨੂ ਪ੍ਰਿੰਟਿਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ
ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ
ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 Res. 585-7916
10281 - 133A St., SURREY, B.C. V3T 4A1





Rupinder Azad

I Serve :—
(Rupinder Azad)

■ LIFE INSURANCE NEEDS
Personal, family or Corporation owned - Life, Disability, Group Insurance etc. (Dental Plan alone, if you qualify)

■ REAL ESTATE NEEDS (Buying or Selling?)
Residential House, Farm, Acreage, Lots, investments, Business, Commercial or industrial property — Anywhere in B.C. — Please call :

Toll Free 1—800—663—8134
Ph. (604) 850-6646
[24 hours]

ਰੁਪਿੰਦਰ ਆਜ਼ਾਦ ਵਲੋਂ:
1970 ਤੋਂ ਆਪਣੀ ਕਮਿਊਨਿਟੀ ਦੀ ਲਾਈਫ ਇਨਸ਼ੋਰੈਂਸ ਦੀਆਂ ਲੋੜਾਂ ਦੀ ਪੂਰਤੀ ਤੇ ਸੇਵਾਵਾਂ ਕਰਨ ਦੇ ਨਾਲ ਨਾਲ
ਹੁਣ ਰੀਅਲ ਐਸਟੇਟ ਦੀਆਂ ਸੇਵਾਵਾਂ ਵੀ ਹਾਜ਼ਰ ਹਨ:-
ਡੇ ਸਪਰਿੰਗ ਰੀਐਲਟੀ ਲਿ:

Dayspring Realty Ltd.

#21 - 31940 South Fraser Way, Clearbrook, B.C. V2T 1V6

# ਭੁੱਟੋ ਦੀ ਕੁੜੀ ਤੇ ਗਿਆਨੀ ਜੀ



ਗੱਲਾਂ 'ਚੋਂ ਗੱਲ

ਪ੍ਰਕਾਸ਼

'ਤੁਹਾਡਾ ਕੀ ਖਿਆਲ ਏ ਬਾਊ ਜੀ, ਹਾਅ ਭੁੱਟੋ ਦੀ ਕੁੜੀ ਜਿੱਤ ਜਾਏਗੀ? ਪ੍ਰੇਮ ਸਿੰਘ ਦੁੱਧ ਪਾਉਣ ਤੋਂ ਵਿਹਲਾ ਹੋਇਆ ਤਾਂ ਬਿਨਾਂ ਕੋਈ ਦੂਜਾ ਸਾਹ ਲਏ ਉਸ ਨੇ ਸਵਾਲ ਦਾਗ ਦਿੱਤਾ।

'ਸ਼ਾਇਦ।'

'ਫੇਰ ਤਾਂ ਉਹ ਪ੍ਰਧਾਨ ਮੰਤਰੀ ਵੀ ਬਣ ਜਾਏਗੀ।'

'ਸ਼ਾਇਦ।'

"ਮੈਂ ਤਾਂ ਸੁਣਿਆ ਬਾਊ ਜੀ ਬਈ ਇਹ ਕੁੜੀ ਕਹਿੰਦੀ ਏ ਕਿ ਅਸੀਂ ਭਾਰਤ ਨਾਲ ਦੋਸਤੀ ਰੱਖਣੀ ਏਂ, ਲੜਾਈ ਨਹੀਂ ਕਰਨੀ।'

'ਹਾਂ, ਕਹਿੰਦੀ ਤਾਂ ਉਹ ਕੁਝ ਇਸੇ ਤਰ੍ਹਾਂ ਈ ਏ।'

'ਫੇਰ ਵੀ ਬਾਊ ਜੀ ਉਸ ਨੂੰ ਪ੍ਰਧਾਨ ਮੰਤਰੀ ਬਣਾ ਦੇਣਗੇ?'

'ਉਹ ਚੰਗੀ ਗੱਲ ਈ ਕਹਿ ਰਹੀ ਏ, ਕੋਈ ਮਾੜੀ ਥੋੜ੍ਹਾ ਕਹਿੰਦੀ ਏ। ਵੈਸੇ ਵੀ ਜੰਗ ਲੜਾਈ ਬੜੀ ਮਹਿੰਗੀ ਪੈਂਦੀ ਏ।'

'ਚੰਗਾ ਬਾਊ ਜੀ, ਇਕ ਗੱਲ ਹੋਰ ਦੱਸਣਾ।'

'ਹੁਣ ਤੂੰ ਜੇ ਪੁੱਛਣ 'ਤੇ ਆਇਆਂ ਈ ਏਂ ਪ੍ਰੇਮ ਸਿਹਾਂ ਪੁੱਛ ਲੈ ਜੋ ਪੁੱਛਣਾ ਏ।'

'ਕੀ ਇਹ ਕੁੜੀ, ਪਾਕਿਸਤਾਨੀ ਹੱਥ ਨਾਲ ਜੋ ਕੁਝ ਪੰਜਾਬ ਤੇ ਕਸ਼ਮੀਰ 'ਚ ਹੋ ਰਿਹਾ ਏ ਉਹ ਵੀ ਬੰਦ ਕਰਾ ਦਏਗੀ।'

'ਉਮੀਦ ਤਾਂ ਬੜੀ ਏ ਪ੍ਰੇਮ ਸਿਹਾਂ।'

'ਜੇ ਉਹ ਪਾਕਿਸਤਾਨੀ ਹੱਥ ਪਿਛਾਂਹ ਨੂੰ ਖਿਚ ਲਏਗੀ ਤਾਂ ਤੇ ਬੜੀ ਚੰਗੀ ਗੱਲ ਏ। ਹੁਣ ਤਾਂ ਹਾਲ ਏ ਆ ਬਾਊ ਜੀ ਕਿ ਜੇ ਕਿਤੇ ਬਾਹਰ ਜਾਣਾ ਹੋਵੇ ਤਾਂ ਘਰੋਂ ਅਰਦਾਸਾ ਸੋਧ ਕੇ ਜਾਣਾ ਪੈਂਦਾ ਏ।'

"ਤੂੰ ਕੀ ਸੋਚਦਾ ਏਂ ਬਈ ਸਾਰਾ ਕੁਝ ਉਸੇ ਦੇ ਹੱਥ 'ਚ ਹੀ ਹੈ? ਉਸ ਨੂੰ ਉਕਸਾਉਣ ਵਾਲਾ ਅਮਰੀਕਾ ਵੀ ਤਾਂ ਬੈਠਾ ਏ।'

'ਬਾਊ ਜੀ, ਮੈਨੂੰ ਤਾਂ ਨਹੀਂ ਲਗਦਾ ਬਈ ਇਹ ਕੁੜੀ ਲਾਈ-ਲੱਗ ਹੋਵੇ। ਉਸ ਦਾ ਮੁਲਕ ਏ, ਰੱਬ ਨਾ ਕਰੇ ਜੇ ਕਿਤੇ ਕੱਲ੍ਹ ਨੂੰ ਲੜਾਈ ਲੱਗ ਜਾਏ ਤਾਂ ਅਮਰੀਕਾ ਦਾ ਭਲਾ ਕੀ ਜਾਣਾ ਏ, ਬੇੜਾ ਗਰਕ ਤਾਂ ਉਸ ਦੇ ਮੁਲਕ ਦਾ ਈ ਹੋਣਾ ਏ।'

'ਕਹਿੰਦਾ ਤਾਂ ਤੂੰ ਠੀਕ ਏਂ ਪ੍ਰੇਮ ਸਿਹਾਂ ਪਰ ਜਿਵੇਂ ਤੂੰ ਸੋਚਦਾ ਏਂ ਉਸ ਤਰ੍ਹਾਂ ਹੋਰ ਲੋਕ ਨਹੀਂ ਸੋਚਦੇ। ਸ਼ਾਇਦ ਤੈਨੂੰ ਪਤਾ ਨਹੀਂ ਕਿ ਹੁਣ ਤਕ ਤਾਂ ਅਮਰੀਕਾ ਦਾ ਰੋਲ ਇਹੋ ਹੀ ਰਿਹਾ ਏ ਕਿ ਅੱਗ ਲਾ ਕੇ ਡੱਬੂ ਕੰਧ 'ਤੇ। ਪਤਾ ਨਹੀਂ ਕਿੰਨਿਆਂ ਦੇਸ਼ਾਂ ਦਾ ਬੇੜਾ ਗਰਕ ਕਰਨ ਦਾ ਸਿਹਰਾ ਇਸੇ ਦੇ ਸਿਰ ਈ ਏ।'

'ਮੈਨੂੰ ਤਾਂ ਇਹ ਸਮਝ ਨਹੀਂ ਆਉਂਦੀ ਬਾਊ ਜੀ ਕਿ ਲੋਕ ਇਨ੍ਹਾਂ ਦੀਆਂ ਗੱਲਾਂ 'ਚ ਕਿਵੇਂ ਆ ਜਾਂਦੇ ਨੇ। ਸਾਡੇ ਪ੍ਰਧਾਨ ਮੰਤਰੀ ਨੂੰ ਕੋਈ ਕੁਝ ਕਹਿ ਕੇ ਵੇਖੇ ਮਜ਼ਾਲ ਏ ਬਈ ਕਦੀ ਕਿਸੇ ਦੀ ਗੱਲ ਸੁਣ ਜਾਏ, ਭਾਵੇਂ ਅਕਲ ਦੀ ਗੱਲ ਈ ਹੋਵੇ ਕਰਨੀ ਏਸ ਨੇ ਆਪਣੀ ਮਰਜ਼ੀ ਏ। ਭਾਵੇਂ ਬਾਅਦ 'ਚ ਸਫਾਈ ਕਿਉਂ ਨਾ ਦੇਣੀ ਪੈ ਜਾਏ। ਮੇਰਾ ਖਿਆਲ ਏ ਭੁੱਟੋ ਦੀ ਕੁੜੀ ਵੀ ਇਸੇ ਤਰ੍ਹਾਂ ਦੀ ਹੀ ਹੋਵੇਗੀ। ਦੇਖ ਲਓ ਕਿਵੇਂ ਡਟੀ ਹੋਈ ਏ। ਅੱਛਾ ਬਾਊ ਜੀ ਇਹ ਦੱਸੋ ਉਨ੍ਹਾਂ ਦਾ ਰਾਸ਼ਟਰਪਤੀ ਕੌਣ ਹੋਏਗੀ?'

'ਅਜੇ ਤਾਂ ਕੁਝ ਨਹੀਂ ਪਤਾ ਲਗਦਾ।'

'ਇਹ ਮੇਰੀ ਮੰਨਣ, ਜੇ ਕੋਈ ਹੋਰ ਰਾਸ਼ਟਰਪਤੀ ਨਹੀਂ ਲੱਭਦਾ ਤਾਂ ਅੱਜ ਕੱਲ੍ਹ ਆਪਣੇ ਗਿਆਨੀ ਜੀ ਵਿਹਲੇ ਬੈਠੇ ਹੋਏ ਨੇ। ਉਨ੍ਹਾਂ ਨੂੰ ਹੀ ਲੈ ਜਾਣ। ਕੰਮ ਤਾਂ ਸਾਰਾ ਕੁੜੀ ਨੇ ਕਰੀ ਜਾਣਾ ਏਂ ਤੇ ਇਹ ਕੋਲ ਬੈਠੇ ਕਬਿਤ ਸੁਣਾਈ ਜਾਇਆ ਕਰਨਗੇ।'

ਮੇਰਾ ਹਾਸਾ ਨਿਕਲ ਗਿਆ। ਹਾਸਾ ਵੀ ਇਹੋ ਜਿਹਾ ਕਿ ਬੰਦ ਹੋਣ 'ਚ ਹੀ ਨਾ ਆਵੇ। ਪ੍ਰੇਮ ਸਿੰਘ ਮੇਰੇ ਵੱਲ ਵੇਖੀ ਜਾਵੇ। ਮੈਨੂੰ ਘੂਰਦਾ ਹੋਇਆ ਉਹ ਕਹਿੰਦਾ, 'ਇਸ 'ਚ ਭਲਾ ਹੱਸਣ ਵਾਲੀ ਕਿਹੜੀ ਗੱਲ ਏ।'

'ਕੋਈ ਗੱਲ ਨਹੀਂ।' ਮੈਂ ਮਸਾਂ ਆਪਣਾ ਹਾਸਾ ਰੋਕਿਆ 'ਪ੍ਰੇਮ ਸਿਹਾਂ ਕਈ ਵਾਰੀ ਤੂੰ ਅਜੀਬ ਜਿਹੀਆਂ ਈ ਗੱਲਾਂ ਕਰਦਾ ਏਂ।'

'ਮੈਂ ਐਡੀ ਕਿਹੜੀ ਅਜੀਬ ਗੱਲ ਕਰ ਤੀ। ਬਜ਼ੁਰਗ ਬੰਦੇ ਕੋਲੋਂ ਸਲਾਹ ਲੈਣ ਕੋਈ ਮਾੜੀ ਗੱਲ ਤਾਂ ਨਹੀਂ।'

'ਨਾ ਮੈਂ ਕਦ ਕਿਹਾ ਬਈ ਮਾੜੀ ਗੱਲ ਏ। ਮੈਂ ਤਾਂ ਤੇਰੀ ਅਕਲ ਦੀ ਦਾਦ ਦਿੰਦਾ ਹਾਂ ਬਈ ਗਿਆਨੀ ਜੀ ਨੂੰ ਪਾਕਿਸਤਾਨ ਭੇਜ ਦਿਓ। ਸਲਾਹ ਲੈਣ ਵੇਲੇ ਤਾਂ ਇਥੇ ਉਨ੍ਹਾਂ ਨੂੰ ਕਿਸੇ ਨਾ ਪੁੱਛਿਆ ਜਿਥੋਂ ਦੇ ਉਹ ਰਾਸ਼ਟਰਪਤੀ ਸਨ।'

'ਮੈਂ ਵੀ ਤਾਂ ਇਸੇ ਕਰਕੇ ਹੀ ਕਿਹਾ ਸੀ ਬਈ ਇਥੇ ਤਾਂ ਉਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਸ਼ੈਦ ਉਹ ਕੁੜੀ ਸਿਆਣੀ ਨਿਕਲੇ ਤੇ ਕਿਸੇ ਵੀ ਮੁਸੀਬਤ ਵੇਲੇ ਬਜ਼ੁਰਗ ਦੀ ਸਲਾਹ ਲੈ ਲਏ।'

'ਕੀ ਗੱਲ, ਪਾਕਿਸਤਾਨ 'ਚ ਕੋਈ ਬਜ਼ੁਰਗ ਨਹੀਂ ਰਹਿ ਗਿਆ?'

'ਬਾਊ ਹੋਣਗੇ ਤਾਂ ਬਥੇਰੇ ਪਰ ਸਿਆਣਾ ਕੋਈ ਨਹੀਂ ਹੋਣਾ। ਨਹੀਂ ਤਾਂ ਭਲਾ ਜ਼ੀਆ ਐਨਾ ਚਿਰ ਗੱਦੀ 'ਤੇ ਬੈਠਾ ਰਹਿੰਦਾ।'

'ਉਹ ਤਾਂ ਆਪਣੇ ਡੰਡੇ ਦੇ ਜ਼ੋਰ ਨਾਲ ਗੱਦੀ 'ਤੇ ਬੈਠਾ ਰਿਹਾ।'

'ਤੁਸੀਂ ਸਮਝਦੇ ਤਾਂ ਹੋ ਨਹੀਂ। ਬੰਦਾ ਤਾਂ ਇਹੋ ਜਿਹਾ ਚਾਹੀਦਾ ਹੈ ਕਿ ਜਿਸ ਦੀ ਸਲਾਹ ਨਾਲ ਸੱਪ ਵੀ ਮਰ ਜਾਏ ਤਾਂ ਲਾਠੀ ਵੀ ਨਾ ਟੁੱਟੇ। ਹੁਣ ਤੁਸੀਂ ਦੇਖ ਲਓ, ਇਕ ਵਾਰੀ ਤਾਂ ਸਾਡੇ ਦੇਸ਼ ਦੇ ਬਜ਼ੁਰਗਾਂ ਨੇ ਮਿਲ ਕੇ ਇੰਦਰਾ ਗਾਂਧੀ ਨੂੰ ਗੱਦੀਓਂ ਲਾਹ ਦਿੱਤਾ ਸੀ। ਇਹ ਗੱਲ ਵੱਖਰੀ ਸੀ ਬਈ ਆਪਣੇ ਬਜ਼ੁਰਗ ਐਨੇ ਸਿਆਣੇ ਨਾ ਨਿਕਲੇ ਤੇ ਹੱਥ ਆਈ ਗੱਦੀ ਫੇਰ ਇੰਦਰਾ ਬੀਬੀ ਕੋਲ ਖੁਹਾ ਬੈਠੇ।' ਉਹ ਉਠਿਆ ਫੇਰ ਆਪਣਾ ਡੋਲੂ ਚੁਕਿਆ ਤੇ ਪਰਨੇ ਨਾਲ ਮੂੰਹ ਪੂੰਝਦਾ ਜਾਂਦਾ ਹੋਇਆ ਬੋਲ ਗਿਆ, 'ਮੈਂ ਤਾਂ ਅਜੇ ਵੀ ਕਹਿੰਦਾ ਹਾਂ ਕਿ ਜੇ ਭੁੱਟੋ ਦੀ ਕੁੜੀ ਪ੍ਰਧਾਨ ਮੰਤਰੀ ਬਣ ਜਾਏ ਤਾਂ ਗਿਆਨੀ ਜੀ ਨੂੰ ਬੁਲਾ ਲਏ। ਵਾਹਵਾ ਦਿਲ ਲਾਈ ਰੱਖਣਗੇ।' ਇਹ ਕਹਿ ਕੇ ਉਹ ਪੌੜੀਆਂ ਉਤਰ ਗਿਆ।

# ਪਟਿਆਲਾ ਦੇ ਕਾਂਗਰਸੀਆਂ 'ਚ ਧੜੇਬੰਦਕ ਲੜਾਈ ਸਿਖਰ 'ਤੇ

ਪਟਿਆਲਾ — ਪੰਜਾਬ ਦੀ ਰਾਜਨੀਤੀ ਵਿਚ ਉਂਜ ਤਾਂ ਇਸ ਸਮੇਂ ਜਿੰਨੀ ਭੈੜੀ ਹਾਲਤ ਅਕਾਲੀ ਦਲ ਦੇ ਏਕੇ ਦੀ ਹੈ ਉਤਨੀ ਸ਼ਾਇਦ ਪਹਿਲਾਂ ਕਦੇ ਨਹੀਂ ਸੀ ਹੋਈ। ਪਰ ਇਕੋ ਇਕ ਮਜ਼ਬੂਤ ਕਹੀ ਜਾਣ ਵਾਲੀ ਪਾਰਟੀ ਕਾਂਗਰਸ (ਆਈ) ਦੀ ਹਾਲਤ ਵੀ ਅੰਦਰੋਂ ਕੋਈ ਬਹੁਤੀ "ਕਾਬਲੇ ਫਖਰ" ਨਹੀਂ। ਘੱਟੋ ਘੱਟ ਇਹ ਗੱਲ ਜ਼ਿਲਾ ਪਟਿਆਲਾ ਕਾਂਗਰਸ ਕਮੇਟੀ ਉਤੇ ਤਾਂ ਪੂਰੀ ਉਤਰਦੀ ਹੈ।

ਇਸ ਸਮੇਂ ਜ਼ਿਲਾ ਕਾਂਗਰਸ ਕਮੇਟੀ (ਆਈ) ਸ਼ਹਿਰੀ ਤੇ ਦਿਹਾਤੀ ਪਟਿਆਲਾ ਵਿਚ ਆਪਣੀ ਆਪਣੀ ਡਫਲੀ ਵਜਾਉਣ ਅਤੇ ਆਪਣਾ ਆਪਣਾ ਰਾਗ ਅਲਾਪਣ ਵਾਲੀ ਸਥਿਤੀ ਬਣੀ ਹੋਈ ਹੈ ਜਿਸ ਦਾ ਖੁੱਲ੍ਹਾ ਪ੍ਰਦਰਸ਼ਨ ਇਥੇ ਪਿਛਲੇ ਹਫਤੇ ਦੌਰਾਨ ਦੇਸ਼ ਦੇ ਦੋ ਮਹਾਨ ਨੇਤਾਵਾਂ ਅਤੇ ਕਾਂਗਰਸ ਪਾਰਟੀ ਦਾ ਪ੍ਰਧਾਨਾਂ, ਸਵਰਗੀ ਪੰਡਤ ਜਵਾਹਰ ਲਾਲ ਨਹਿਰੂ ਅਤੇ ਸ੍ਰੀਮਤੀ ਗਾਂਧੀ ਦੇ ਜਨਮ ਦਿਵਸ ਮਨਾਉਣ ਦੇ ਸਬੰਧ ਵਿਚ ਆਯੋਜਤ ਕੀਤੇ ਗਏ ਸਮਾਗਮਾਂ ਸਮੇਂ ਹੋਇਆ ਇਹ ਗੱਲ ਹਾਸੋਹੀਣੀ ਹੀ ਕਹੀ ਜਾਵੇਗੀ ਕਿ ਜ਼ਿਲਾ ਕਾਂਗਰਸ ਕਮੇਟੀ ਸ਼ਹਿਰੀ ਤੇ ਦਿਹਾਤੀ ਦੇ ਨੇਤਾ ਆਪਣੇ ਮਰਹੂਮ ਨੇਤਾਵਾਂ ਨੂੰ ਸ਼ਰਧਾਂਜਲੀ ਵਿਚ ਇਕ ਮੰਚ ਤਾਂ ਨਹੀਂ ਦੇ ਸਕੇ ਤੇ ਇਸ ਦੇ ਨਵੇਂ ਬਣੇ ਲੇਖਕਾਂ ਅਤੇ ਬੁੱਧੀਜੀਵੀ ਵਰਗ ਨੇ ਕਾਂਗਰਸ ਦੇ ਮਾਨਤ ਵਿਚਾਰ ਵਿਭਾਗ ਤੋਂ ਵੱਖ ਤੇ ਵਿਚਾਰ ਵਿਭਾਗ ਨੇ ਕਮੇਟੀ ਤੋਂ ਵੱਖ ਆਪਣੇ ਆਪਣੇ ਸਮਾਗਮ ਕੀਤੇ।

ਸ਼ਰਧਾਂਜਲੀ ਸਮਾਗਮਾਂ ਲਈ 14 ਨਵੰਬਰ ਨੂੰ ਪੰਡਤ ਨਹਿਰੂ ਦੇ ਜਨਮ ਸ਼ਤਾਬਦੀ ਸਮਾਗਮਾਂ ਸਮੇਂ ਜਿਥੇ ਕਮੇਟੀ ਦੇ ਦਫਤਰ ਵਿਚ ਹੀ ਸਵੇਰ ਸਮੇਂ ਦਿਹਾਤੀ ਅਤੇ ਸ਼ਾਮ ਸਮੇਂ ਸ਼ਹਿਰੀ ਨੇ ਆਪਣੇ ਆਪਣੇ ਕੁਝ ਖਾਸ ਬੰਦੇ ਇਕੱਤਰ ਕਰਕੇ ਹਾਜ਼ਰੀ ਲਾ ਲਈ ਉਥੇ 19 ਨਵੰਬਰ ਨੂੰ ਸ੍ਰੀਮਤੀ ਇੰਦਰਾ ਗਾਂਧੀ ਦੇ ਜਨਮ ਦਿਹਾੜੇ 'ਤੇ ਸਮਾਗਮ ਕੇਂਦਰੀ ਲਾਇਬਰੇਰੀ ਵਿਚ ਲੇਖਕ ਫੋਰਮ ਦੇ ਬੈਨਰ ਹੇਠ ਕੀਤਾ ਗਿਆ ਦੂਜਾ ਸਮਾਗਮ ਦਿਹਾਤੀ ਕਾਂਗਰਸ ਕਮੇਟੀ ਵਲੋਂ ਸ਼ੇਰਾਂਵਾਲੀ ਧਰਮਸ਼ਾਲਾ ਵਿਚ ਕੀਤਾ ਗਿਆ ਤੇ ਤੀਜਾ ਸਮਾਗਮ ਪਾਰਟੀ ਦਫਤਰ ਦੀ ਗਲੀ ਵਿਚ ਤੰਬੂ ਲਾ ਕੇ ਕੀਤਾ ਗਿਆ। ਇਨ੍ਹਾਂ ਸਾਰੇ ਹੀ ਸਮਾਗਮਾਂ ਦੀ ਹਾਜ਼ਰੀ ਤੋਂ ਇਹ ਵਿਚਾਰ ਬਣਦਾ ਸੀ ਕਿ ਜੇਕਰ ਤਿੰਨੇ ਸਮਾਗਮ ਮਿਲਾ ਕੇ ਕੀਤੇ ਜਾਂਦੇ ਤਾਂ ਕਿਤੇ ਵੱਧ ਪ੍ਰਭਾਵਸ਼ਾਲੀ ਹੋ ਸਕਦੇ ਸਨ। ਇਨ੍ਹਾਂ ਤਿੰਨੇ ਹੀ ਸਮਾਗਮਾਂ ਦੀ ਪ੍ਰਧਾਨਗੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਬੇਅੰਤ ਸਿੰਘ ਨੇ ਕੀਤੀ ਪਰ ਸ਼ਾਇਦ ਸਥਿਤੀ ਉਨ੍ਹਾਂ ਦੇ ਵੀ ਕਾਬੂ ਤੋਂ ਵੀ ਬਾਹਰ ਰਹੀ ਜਿਸ ਕਾਰਨ ਉਹ ਇਕ ਮੰਚ ਤੋਂ ਸਮਾਗਮ ਨਾ ਕਰਾ ਸਕੇ। ਪਰ ਉਨ੍ਹਾਂ ਨੂੰ ਇਸ ਗੱਲ ਦਾ ਲਾਭ ਜ਼ਰੂਰ ਮਿਲਿਆ ਹੈ ਕਿ ਪਟਿਆਲਾ ਜ਼ਿਲੇ ਦੇ ਜਿਹੜੇ ਕਾਂਗਰਸ ਨੇਤਾ ਇਸ ਤੋਂ ਪਹਿਲਾਂ ਦਰਬਾਰਾ ਸਿੰਘ ਧੜੇ ਨਾਲ ਮਜ਼ਬੂਤੀ ਨਾਲ ਜੁੜੇ ਹੋਏ ਸਨ, ਉਹ ਵੀ ਸ੍ਰੀ ਬੇਅੰਤ ਸਿੰਘ ਦੀ ਆਮਦ ਸਮੇਂ ਉਨ੍ਹਾਂ ਨੂੰ ਮਿਲਣ ਆਏ। ਭਾਵੇਂ ਉਨ੍ਹਾਂ ਨੇ ਇਸ ਗੱਲ ਦੀ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਸਮਾਗਮਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਤੋਂ ਇਹ ਚਰਚਾ ਜ਼ੋਰ ਫੜ ਰਹੀ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਪੰਜਾਬ ਫੇਰੀ ਤੋਂ ਬਾਅਦ ਬੇਅੰਤ ਸਿੰਘ ਦੀ ਸਥਿਤੀ ਪਹਿਲਾਂ ਨਾਲੋਂ ਚੰਗੀ ਹੋਈ ਹੈ

# ਅਯੋਗ ਤੇ ਭ੍ਰਿਸ਼ਟ ਅਫਸਰਾਂ ਦੀ ਜਬਰੀ ਰਿਟਾਇਰਮੈਂਟ ਲਈ ਕਮੇਟੀ

ਨਵੀਂ ਦਿੱਲੀ — ਪੰਜਾਬ ਸਰਕਾਰ ਨੇ 50 ਸਾਲ ਦੀ ਉਮਰ ਪੂਰੀ ਕਰ ਚੁੱਕੇ ਪਹਿਲੇ ਤੇ ਦੂਜੇ ਦਰਜੇ ਦੇ ਅਯੋਗ ਤੇ ਭ੍ਰਿਸ਼ਟ ਅਫਸਰਾਂ ਨੂੰ ਜਬਰੀ ਰਿਟਾਇਰ ਕਰਨ ਲਈ ਸੀਨੀਅਰ ਅਧਿਕਾਰੀਆਂ ਦੀ ਇਕ ਕਮੇਟੀ ਕਾਇਮ ਕੀਤੀ ਹੈ। ਇਹ ਜਾਣਕਾਰੀ ਗ੍ਰਹਿ ਰਾਜ ਮੰਤਰੀ ਸ੍ਰੀ ਸੰਤੋਸ਼ ਮੋਹਨ ਦੇਬ ਨੇ ਰਾਜ ਸਭਾ 'ਚ ਪਵਨ ਕੁਮਾਰ ਬਾਂਸਲ (ਕਾਂਗਰਸ ਇ) ਦੇ ਇਕ ਸਵਾਲ ਦੇ ਲਿਖਤੀ ਜਵਾਬ 'ਚ ਦਿੱਤੀ।

ਮੰਤਰੀ ਨੇ ਕਿਹਾ ਕਿ ਪੰਜਾਬ ਸਿਵਲ ਸਰਵਿਸ (ਸਮੇਂ ਤੋਂ ਪਹਿਲਾਂ ਰਿਟਾਇਰਮੈਂਟ) ਰੂਲਜ਼ 1975 ਦੇ ਰੂਲ 3 (1) ਏ ਅਨੁਸਾਰ 25 ਸਾਲਾਂ ਦੀ ਸੇਵਾ ਕਰ ਚੁੱਕੇ ਜਾਂ ਪੰਜਾਹ ਸਾਲ ਦੀ ਉਮਰ ਪੂਰੀ ਕਰ ਚੁੱਕੇ ਕਿਸੇ ਵੀ ਅਧਿਕਾਰੀ ਨੂੰ ਸਮੇਂ ਤੋਂ ਪਹਿਲਾਂ ਰਿਟਾਇਰ ਕੀਤਾ ਜਾ ਸਕਦਾ ਹੈ। ਪਰ ਕਿਸੇ ਵੀ ਅਯੋਗ ਜਾਂ ਭ੍ਰਿਸ਼ਟ ਸਰਕਾਰੀ ਮੁਲਾਜ਼ਮ ਨੂੰ ਸਜ਼ਾ ਦੇ ਤੌਰ ਉਤੇ ਸਿਵਲ ਸਰਵਿਸ (ਸਜ਼ਾ ਤੇ ਅਪੀਲਾਂ) ਰੂਲਜ਼ 1970 ਅਨੁਸਾਰ ਇਕ ਖਾਸ ਪ੍ਰਣਾਲੀ ਅਪਨਾਉਣ ਬਾਅਦ ਹੀ ਜਬਰੀ ਰਿਟਾਇਰ ਕਰਨਾ ਸੰਭਵ ਹੈ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਲੋਂ ਕਾਇਮ ਕੀਤੀ ਗਈ ਕੇਂਦਰੀ ਵਜ਼ਾਰਤ ਦੀ ਸਬ ਕਮੇਟੀ ਪੰਜਾਬ ਮਸਲੇ ਬਾਰੇ ਇਕ ਸਰਬ ਪਾਰਟੀ ਮੀਟਿੰਗ ਬੁਲਾਉਣ ਲਈ ਏਜੰਡੇ ਬਾਰੇ ਵਿਸਥਾਰ ਵਿਚ ਵਿਚਾਰ ਕਰ ਰਹੀ ਹੈ।

ਕੇਂਦਰੀ ਗ੍ਰਹਿ ਰਾਜ ਮੰਤਰੀ ਸ੍ਰੀ ਪੀ ਚਿਦੰਬਰਮ ਨੇ ਰਾਜ ਸਭਾ ਵਿਚ ਪ੍ਰਸ਼ਨ ਕਾਲ ਸਮੇਂ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਸਤੰਬਰ ਨੂੰ ਆਪਣੇ ਪੰਜਾਬ ਦੌਰੇ ਸਮੇਂ ਸ੍ਰੀ ਗਾਂਧੀ ਨੇ ਐਲਾਨ ਕੀਤਾ ਸੀ ਕਿ ਪੰਜਾਬ ਮਸਲੇ ਬਾਰੇ ਵਿਚਾਰ ਲਈ ਇਕ ਸਰਬ ਪਾਰਟੀ ਮੀਟਿੰਗ ਬੁਲਾਈ ਜਾਵੇਗੀ। ਇਸ ਲਈ ਮੀਟਿੰਗ ਵਾਸਤੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

ਪੰਜਾਬ ਸਰਕਾਰ ਨੇ ਇੱਛਾ ਪ੍ਰਗਟ ਕੀਤੀ ਹੈ ਕਿ ਰਾਜ ਵਿਚ ਲਾਏ ਜਾਣ ਵਾਲੇ ਪੈਪਸੀ ਕੋਲਾ ਪ੍ਰਾਜੇਕਟ ਦੇ ਸਬੰਧ ਵਿਚ ਲੋੜੀਂਦੇ ਵਿਦੇਸ਼ੀ ਤਕਨੀਸ਼ੀਅਨਾਂ ਦੀ ਗਿਣਤੀ ਘੱਟ ਤੋਂ ਘੱਟ ਰੱਖੀ ਜਾਵੇਗੀ। ਇਹ ਜਾਣਕਾਰੀ ਵੀ ਸ੍ਰੀ ਪੀ ਚਿਦੰਬਰਮ ਨੇ ਰਾਜ ਸਭਾ ਵਿਚ ਇਕ ਲਿਖਤੀ ਜਵਾਬ ਵਿਚ ਦਿੱਤੀ। ਉਨ੍ਹਾਂ ਕਿਹਾ ਕਿ ਦਿੱਲੀ ਦੇ ਇਕ ਮੈਗਜ਼ੀਨ ਵਿਚ ਛਪੀ ਰਿਪੋਰਟ, ਜਿਸ ਅਨੁਸਾਰ ਪੈਪਸੀ ਕੋਲਾ ਦੇ ਡਾ. ਡੋਨਾਲਡ ਕੇਂਡਲ ਉਤੇ ਸੀ ਆਈ ਏ ਦੇ ਪ੍ਰਭਾਵ ਦੀ ਜਾਣਕਾਰੀ ਦਿੱਤੀ ਗਈ ਹੈ, ਸਰਕਾਰ ਦੇ ਧਿਆਨ ਵਿਚ ਆਈ ਹੈ।


Sutton GROUP

ਪ੍ਰਾਪਰਟੀ ਇਨਵੈਸਟਮੈਂਟ

ਲਈ ਸਲਾਹ ਲੈਣੀ ਹੋਵੇ



ਆਪਣਾ ਘਰ ਟਰੇਡ ਕਰਕੇ ਨਵਾਂ ਲੈਣਾ ਹੋਵੇ

ਤਾਂ

ਆਲਮਜੀਤ ਤੱਖਰ

ਨੂੰ ਫ਼ੋਨ ਕਰੋ :

ਦਫ਼ਤਰ - 581-1211

ਘਰ - 591-8823

For Property Investment

Or Trade-In

Phone Alan Takhar

Bus: 581-1211

Res: 591-8823

SUTTON GROUP MEDALLION REALTY

#1 - 9200 - 120 St., Surrey, B.C. V3V 4B7

ਲੋਕਾਂ ਨੇ ਪਾਈਆਂ ਹੱਟੀਆਂ, ਮਾਈਕਲ ਨੇ ਪਾਇਆ

# ਮਾਈਕਲਜ਼ ਫਿ

# MICHAEL'S DIS

No. 1 — 4169 Main St., Vancouver

Ph. 874-7912

No. 2 —

**Generic Pop**
ਜਿਨਰੈਕ ਪੌਪ
2 lit. **99¢** + Deposit

**Fresh Chic**
ਤਾਜ਼ੀਆਂ ਮੁਰਗੇ ਦੀਆਂ

| | | |
|---|---|---|
| **Golden Temple Atta** ਗੋਲਡਨ ਟੈਂਪਲ ਆਟਾ | Limit with grocery 2x10 kg. | **10.99** |
| **Robinhood Maida** ਰੌਬਿਨਹੁੱਡ ਮੈਦਾ | 10 kg. | **5.89** |
| **Pachranga Achar** ਪਚਰੰਗਾ ਆਚਾਰ | Can | **1.49** |
| **Nabob Tea** ਨਵਾਬ ਚਾਹ | Limit 120 packt. | **2.99** |

**Pac**
ਪੈ

ਹੱਟ, ਚੀਜ਼ਾਂ ਦਿੰਦਾ ਸੋਹਣੀਆਂ ਤੇ ਪੈਸੇ ਲਾਉਂਦਾ ਘੱਟ

# ਸਕਾਊਂਟ ਫੂਡਜ਼

# COUNT FOODS

28 Scott Road, SURREY, B.C.
Ph. 590-8864

No. 3 — 6635 Main St., VANCOUVER
PH. 322-5502

ken Legs
ਤਾਂ lb. 99¢

Tide Laundry Detergent
ਟਾਈਡ
10 lit. 8.99

Sun-Frie Veg. Oil
ਸਨ-ਫਰਾਈ ਵੈਜੀਟੇਬਲ ਤੇਲ
16 lit. 15.99

Killogg's Fruit Loop
ਫਰੂਟ ਲੂਪਸ
425 gms. 1.99

Sona Roti Atta
ਸੋਹਨਾ ਰੋਟੀ ਆਟਾ
10 kg. 4.99

ific Milk 385 ml
ੀਫਿਕ ਦੁੱਧ 69¢

Butter Salted
ਬਟਰ ਲੂਣ ਵਾਲਾ
Limit with grocery
2.29 lb.

# ROYAL FURNITURE LTD.

2607 Main St., VANCOUVER, B.C. (Main & 10th Ave.)

# BLOW OUT SALE

AT

YOUR NEIGHBORHOOD FURNITURE BARGAIN STORE

**BLOW OUT SALE** ਲੱਗ ਗਈ ਤੁਹਾਡੀ ਕਮਿਊਨਿਟੀ ਦੇ ਮਸ਼ਹੂਰ ਫਰਨੀਚਰ BARGAIN STORE ਰੋਇਲ ਫਰਨੀਚਰ 'ਤੇ



COLONIAL LIVING ROOM SUITE

100% Nylon Fabric, Lifetime Warranty on frame construction

YOU GET ■ Sofa ■ Loveseat ■ Chair

All 3 Pieces $795

Visit Our Showroom

Lowest Prices in Town



Matches Your Waterbed

PINE BEDROOM SUITE

4 Pieces

YOU GET : ■ Headboard ■ Dresser ■ Hutch ■ 1 Night Stand ■ Chest available

■ Footboard & Rails available

■ Similar to illustration

$374

WE HAVE GOT :

- Wide variety in Dining room suites and Dinnets.
- Bedroom suites in PINE and SOLID OAK at factory wholesale prices.
- Best selection in SOFA SETS, CHESTER FIELD and HID-A-BED.
- All type of Mattresses by Brand Name — SEALY, GRANGE, RESTONIC, SIMMONS and POSTURE BEAUTY.
- YOU NAME IT AND WE GOT IT.

7 Pc.

$429.98



7 Pc. Solid Bedroom Suite

From $595



3 Pc. Pillow Back, Comfortable, Lifetime Warranty on frame construction

YOU GET: ■ Sofa ■ Chair ■ Love Seat

$999



SAVE UP TO 50% ON MATTRESS SETS!

| | 39" Twin Set | 54" Double Set | 60" Queen Set |
|---|---|---|---|
| POSTURE BEAUTY | $139 Both Pcs. | $169 Both Pcs. | $239 Both Pcs. |
| SEALY | $229 Both Pcs. | $289 Both Pcs. | $329 Both Pcs. |
| RESTONIC | $199 Both Pcs. | $279 Both Pcs. | $299 Both Pcs. |



9 Pc. TRADITIONAL DINING ROOM SUITE

YOU GET : ■ Hutch ■ Buffet ■ Table with Leaf ■ 4 Side Chairs ■ 2 Arm Chairs

$1988

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

# ROYAL FURNITURE LTD.

2607 MAIN STREET (at 10th. AVE.), VANCOUVER, B.C.

VISA

MasterCard

TEL. 874-9525

MASTER CARD VISA ACCEPTED

# ਮੱਧਕਾਲੀ ਚੋਣਾਂ ਨਹੀਂ ਹੋਣਗੀਆਂ — ਰਾਜੀਵ

ਰਾਏ ਬਰੇਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਦੇਸ਼ ਅੰਦਰ ਮੱਧਕਾਲੀ ਚੋਣਾਂ ਦੀ ਸੰਭਾਵਨਾ ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਕਿ ਇਨ੍ਹਾਂ ਦੀ ਕੋਈ ਲੋੜ ਨਹੀਂ ਹੈ। ਉਹ ਇਥੋਂ 20 ਕਿਲੋਮੀਟਰ ਦੂਰ ਫੁਰਸਤਗੰਜ ਹਵਾਈ ਅੱਡੇ ਉਤੇ ਇਕ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਆਪਣੇ ਅਮੇਠੀ ਅਤੇ ਰਾਏ ਬਰੇਲੀ ਦੇ ਤਿੰਨ ਦਿਨਾਂ ਦੇ ਦੌਰੇ ਤੋਂ ਬਹੁਤ ਖੁਸ਼ ਹਨ। ਜਦੋਂ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਹਾਡਾ ਇਹ ਦੌਰਾ ਚੋਣਾਂ ਦਾ ਆਰੰਭ ਹੈ ਤਾਂ ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ। ਉਨ੍ਹਾਂ ਨੇ ਇਸ ਗੱਲ ਤੋਂ ਸਪੱਸ਼ਟ ਇਨਕਾਰ ਕੀਤਾ ਕਿ ਆਉਣ ਵਾਲੀਆਂ ਚੋਣਾਂ ਅੰਦਰ ਸ੍ਰੀਮਤੀ ਸੋਨੀਆ ਗਾਂਧੀ ਚੋਣ ਲੜੇਗੀ।

ਉਨ੍ਹਾਂ ਨੇ ਬਿਨਾਂ ਕਿਸੇ ਦਾ ਨਾਂ ਲਿਆਂ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਦੇ "ਕੁਝ ਲੋਕ ਇੰਕਾ ਨੂੰ ਛੱਡ ਕੇ ਗਏ ਹਨ" ਇੰਕਾ ਦੀ ਹਾਲਤ ਸੁਧਰੀ ਹੈ।

ਮਾਲਦੀਵ ਅੰਦਰ ਭਾਰਤੀ ਫੌਜ ਦੀ ਕਾਰਵਾਈ ਨੂੰ ਸਰਦਾਰੀ ਕਾਇਮ ਕਰਨ ਦਾ ਰੋਲ ਬਣਾ ਕੇ ਪੇਸ਼ ਕਰਨ ਦੇ ਪ੍ਰਸੰਗ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਨੇ ਇਤਰਾਜ਼ ਕਰਦਿਆਂ ਕਿਹਾ, "ਅਸੀਂ ਤਾਂ ਸਿਰਫ ਉਥੇ ਲੋਕਾਂ ਦੀ ਬਾਕਾਇਦਾ ਚੁਣੀ ਹੋਈ ਸਰਕਾਰ ਨੂੰ ਬਚਾਉਣ ਗਏ ਸੀ, ਸਰਦਾਰੀ ਕਾਇਮ ਕਰਨ ਨਹੀਂ।"

ਬੋਫਰਜ਼ ਦੇ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਸੀ. ਬੀ. ਆਈ. ਜਾਂਚ ਕਰ ਰਹੀ ਹੈ ਅਤੇ ਵਿਰੋਧੀ ਧਿਰ ਨੂੰ ਕਿਹਾ ਕਿ ਉਹ ਲਾਏ ਦੋਸ਼ਾਂ ਦੇ ਸਬੂਤ ਪੇਸ਼ ਕਰੇ ਜਿਹੜੇ ਕਿ ਉਹ ਹਾਊਸ ਅੰਦਰ ਪੇਸ਼ ਕਰਨ ਵਿਚ ਅਸਫਲ ਰਹੀ ਹੈ।

ਆਪਣੀ ਚੀਨ ਯਾਤਰਾ ਦੇ ਬਾਰੇ ਉਨ੍ਹਾਂ ਕਿਹਾ ਕਿ ਹਿੰਦ-ਚੀਨ ਸਰਹੱਦ ਮਾਮਲਾ ਬੜਾ ਗੁੰਝਲਦਾਰ ਹੈ ਅਤੇ ਭਾਰਤੀ ਮਾਹਿਰਾਂ ਦੀ ਇਕ ਟੀਮ ਪਹਿਲਾਂ ਗੱਲਬਾਤ ਲਈ ਆਧਾਰ ਕਰਨ ਵਾਸਤੇ ਗਈ ਹੋਈ ਹੈ। ਉਨ੍ਹਾਂ ਨੇ ਭਾਰਤ-ਪਾਕਿ ਸਬੰਧਾਂ ਬਾਰੇ ਕਿਹਾ ਕਿ ਇਹ ਇਸ ਗੱਲ ਉਤੇ ਨਿਰਭਰ ਕਰਦੇ ਹਨ ਕਿ ਉਥੇ ਅਗੇ ਕਿਸ ਕਿਸਮ ਦੀ ਸਰਕਾਰ ਸੱਤਾ ਵਿਚ ਆਉਂਦੀ ਹੈ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਜਗਦੀਸ਼ਪੁਰ ਵਿਚ 720 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਗੈਸ-ਆਧਾਰਿਤ ਇੰਡੋ-ਗਲਫ ਖਾਦ ਅਤੇ ਕੈਮੀਕਲ ਪਲਾਂਟ ਦਾ ਉਦਘਾਟਨ ਕੀਤਾ। ਇਸ ਮੌਕੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਗਾਂਧੀ ਨੇ ਖਾਦ ਉਤਪਾਦਨ ਵਧਾਉਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਦੇਸ਼ ਦੇ ਵਿਕਾਸ ਲਈ ਮਹੱਤਵਪੂਰਨ ਹੈ।

ਯਾਦ ਰਹੇ ਕਿ ਇਸ ਪਲਾਂਟ ਦਾ ਨੀਂਹ ਪੱਥਰ ਸਵਰਗੀ ਸ੍ਰੀਮਤੀ ਇੰਦਰਾ ਗਾਂਧੀ ਨੇ 1984 ਵਿਚ ਰੱਖਿਆ ਸੀ। ਇਸੇ ਦੌਰਾਨ ਅਮੇਠੀ ਤੋਂ ਇਕ ਰਿਪੋਰਟ ਅਨੁਸਾਰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਗੌਰੀਗੰਜ ਵਿਖੇ ਇੰਕਾ ਦਫਤਰ ਦੀ ਨਵੀਂ ਇਮਾਰਤ ਦਾ ਉਦਘਾਟਨ ਕਰਦਿਆਂ ਇੰਕਾ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਕਾਂਗਰਸ (ਆਈ) ਦੇ ਸਮੇਂ ਉਤੇ ਪਰਖੇ ਆਦਰਸ਼ਾਂ ਉਤੇ ਪਹਿਰਾ ਦਿੰਦਿਆਂ ਹੋਇਆਂ ਦੇਸ਼ ਅੰਦਰ ਸਿਰ ਚੁੱਕ ਰਹੀਆਂ ਕੌਮ-ਵਿਰੋਧੀ ਤਾਕਤਾਂ ਦਾ ਡਟ ਕੇ ਟਾਕਰਾ ਕਰਨ।

ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਦੇ ਅਸੂਲ, ਨਹਿਰੂ ਦੇ ਆਦਰਸ਼ ਅਤੇ ਸ੍ਰੀਮਤੀ ਇੰਦਰਾ ਗਾਂਧੀ ਦੇ ਦ੍ਰਿੜ੍ਹ ਸੰਕਲਪ ਕਾਂਗਰਸ (ਆਈ) ਦੀ ਸ਼ਕਤੀ ਦੇ ਪ੍ਰਮੁਖ ਥੰਮ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਉਨ੍ਹਾਂ ਅਸੂਲਾਂ ਉਤੇ ਹਮਲੇ ਕਰ ਰਹੀ ਹੈ ਜਿਨ੍ਹਾਂ ਦੇ ਲਈ ਕਾਂਗਰਸ ਨੇ ਸੌ ਸਾਲ ਕੰਮ ਕੀਤਾ।

ਇਸ ਸਮਾਗਮ ਨੂੰ ਉਤਰ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਐਨ ਡੀ ਤਿਵਾੜੀ ਨੇ ਵੀ ਸੰਬੋਧਨ ਕੀਤਾ।

# ਨਾਵਲਕਾਰ ਗੁਰਦਿਆਲ ਸਿੰਘ ਦੇ ਜੀਵਨ 'ਤੇ ਟੈਲੀ ਫਿਲਮ

ਕੋਟਕਪੂਰਾ — ਜਲੰਧਰ ਦੂਰਦਰਸ਼ਨ ਦੀ ਟੀਮ ਨੇ ਪਿਛਲੇ ਦਿਨੀਂ ਨਾਵਲਕਾਰ ਗੁਰਦਿਆਲ ਸਿੰਘ ਦੀ ਜੀਵਨੀ 'ਤੇ ਇਕ ਫਿਲਮ ਬਣਾਉਣ ਲਈ ਜੈਤੋ ਵਿਖੇ ਦੋ ਦਿਨ ਸ਼ੂਟਿੰਗ ਕੀਤੀ। ਲੇਖਕ ਦੇ ਜੀਵਨ, ਰਚਨਾ ਪ੍ਰਕਿਰਿਆ, ਕੰਮ, ਵਿਚਾਰ, ਰਚਨਾਵਾਂ ਅਤੇ ਘਰੇਲੂ ਜ਼ਿੰਦਗੀ ਦੇ ਵਿਸ਼ੇਸ਼ ਪੱਖਾਂ ਨੂੰ ਉਜਾਗਰ ਕਰਦੀ ਟੈਲੀ ਫਿਲਮ, ਪ੍ਰੋਗਰਾਮ ਐਗਜ਼ੈਕਟਿਵ ਜਸਵੰਤ ਦੀਦ ਅਤੇ ਸਹਾਇਕ ਪ੍ਰੋਡਿਊਸਰ ਪਰਮਜੀਤ ਸਿੰਘ ਦੀ ਅਗਵਾਈ ਹੇਠ ਪ੍ਰੇਮ ਨੇ ਤਿਆਰ ਕੀਤੀ। ਫਿਲਮ ਦੀ ਸ਼ੂਟਿੰਗ ਗੁਰਦਿਆਲ ਸਿੰਘ ਦੇ ਘਰ ਅਤੇ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ ਵਿਖੇ ਹੋਈ ਜਿਥੇ ਗੁਰਦਿਆਲ ਸਿੰਘ ਅਧਿਆਪਕ ਵਜੋਂ ਕੰਮ ਕਰਦੇ ਹਨ।

ਇਹ ਟੈਲੀ ਫਿਲਮ 'ਸਾਹਿਤਕ ਯਾਤਰਾ' ਨਾਂ ਦੇ ਅਧੀਨ ਤਿਆਰ ਕੀਤੀ ਗਈ ਹੈ। ਪਹਿਲਾਂ ਡਾ. ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ ਅਤੇ ਸੋਹਣ ਸਿੰਘ 'ਸੀਤਲ' ਉਪਰ ਵੀ ਫਿਲਮਾਂ ਬਣ ਕੇ ਟੈਲੀਕਾਸਟ ਹੋ ਚੁੱਕੀਆਂ ਹਨ।

# ਨ੍ਰਿਪੇਨ ਚੱਕਰਵਰਤੀ ਨੇ ਬੂਟਾ ਸਿੰਘ ਨੂੰ 44 ਕਤਲਾਂ ਦੀ ਸੂਚੀ ਭੇਜੀ

ਅਗਰਤਲਾ — ਤ੍ਰਿਪੁਰਾ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਨੇਤਾ ਨ੍ਰਿਪੇਨ ਚੱਕਰਵਰਤੀ ਨੇ ਫਰਵਰੀ ਤੋਂ ਲੈ ਕੇ ਹੁਣ ਤੱਕ ਮਾਰੇ ਗਏ 44 ਸੀ. ਪੀ. ਐਮ. ਨੇਤਾਵਾਂ ਤੇ ਵਰਕਰਾਂ ਦੀ ਸੂਚੀ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਭੇਜੀ ਹੈ। ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਲਿਖੇ ਪੱਤਰ ਵਿਚ ਸੀ. ਪੀ. ਐਮ. ਪੋਲਿਟ ਬਿਊਰੋ ਦੇ ਮੈਂਬਰ ਨੇ ਕਿਹਾ ਹੈ ਕਿ ਸਮਾਜ-ਵਿਰੋਧੀ ਅਨਸਰਾਂ ਨੇ ਕੁਲੀਸ਼ਨ ਸਰਕਾਰ ਦੇ ਸਾਂਝੀਦਾਰਾਂ ਦੀ ਸ਼ਹਿ 'ਤੇ ਇਨ੍ਹਾਂ ਲੋਕਾਂ ਨੂੰ ਮਾਰਿਆ।

ਉਨ੍ਹਾਂ ਦੋਸ਼ ਲਾਇਆ ਕਿ ਜਿਹੜੇ ਮੁਜਰਿਮਾਂ ਦਾ ਨਾਂ ਐਫ ਆਈ ਆਰ ਵਿਚ ਦਰਜ ਹੈ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਾਤਲਾਂ ਦਾ ਇਕੋ ਗਰੋਹ ਕਈ ਵਾਰਦਾਤਾਂ 'ਚ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਦਿਨ-ਬ-ਦਿਨ ਸਥਿਤੀ ਵਿਗੜੀ ਚਲੀ ਜਾ ਰਹੀ ਹੈ। ਉਨ੍ਹਾਂ ਆਪਣੇ ਇਸ ਪੱਤਰ ਰਾਹੀਂ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਰਾਜ ਸਰਕਾਰ ਕੋਲੋਂ ਪੁੱਛਣ ਕਿ ਕਿੰਨੇ ਕੁ ਮੁਜਰਿਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਕਿੰਨਿਆਂ ਕੁ ਨੂੰ ਚਾਰਜਸ਼ੀਟ ਕੀਤਾ ਗਿਆ ਹੈ।

ਮਾਰਕਸੀ ਨੇਤਾ ਨੇ ਕਿਹਾ ਕਿ ਜਿਸ ਦਿਨ ਨਵੀਂ ਵਜ਼ਾਰਤ ਨੇ ਕਾਰਜ-ਭਾਰ ਸੰਭਾਲਿਆ ਸੀ ਉਸੇ ਦਿਨ ਟੀ ਐਨ ਵੀ ਕਾਰਕੁਨਾਂ ਨੇ ਪੰਜ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਨੇ ਇਕ ਹੋਰ ਪੱਤਰ ਰਾਹੀਂ ਘੱਟੋ ਘੱਟ 15 ਉਦਾਹਰਣਾਂ ਦੇ ਕੇ ਦੱਸਿਆ ਹੈ ਕਿ ਅਤੇ ਰਾਜ ਸਭਾ ਮੈਂਬਰ ਨਾਰਾਇਨਕਾਰ ਅਤੇ ਵਿਧਾਇਕਾਂ ਉਤੇ ਹਮਲੇ ਕੀਤੇ ਗਏ ਹਨ।

# ਸਮਝੌਤੇ 'ਤੇ ਮੁਕੰਮਲ ਅਮਲ ਬਿਨਾਂ ਫੌਜ ਦੀ ਵਾਪਸੀ ਨਹੀਂ — ਰਾਓ

ਨਵੀਂ ਦਿੱਲੀ — ਵਿਦੇਸ਼ ਮੰਤਰੀ ਪੀ ਵੀ ਨਰਸਿਮਹਾ ਰਾਓ ਨੇ ਸਪਸ਼ਟ ਕੀਤਾ ਹੈ ਕਿ ਭਾਰਤ-ਸ੍ਰੀਲੰਕਾ ਸਮਝੌਤੇ ਵਿਚਲੀਆਂ ਸਾਰੀਆਂ ਮੱਦਾਂ ਉਪਰ ਜਦੋਂ ਤੀਕਰ ਅਮਲ ਨਹੀਂ ਹੋ ਜਾਂਦਾ, ਭਾਰਤੀ ਅਮਨ ਫੌਜ ਸ੍ਰੀਲੰਕਾ ਵਿਚ ਹੀ ਰਹੇਗੀ। ਰਾਜ ਸਭਾ ਵਿਚ ਸਪਸ਼ਟੀਕਰਨ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਹ ਇਕ ਦੁਪਾਸੜ ਸਮਝੌਤਾ ਸੀ ਅਤੇ ਭਾਰਤ ਸਰਕਾਰ ਤੇ ਸ੍ਰੀਲੰਕਾ ਵਿਚੋਂ ਕੋਈ ਵੀ ਇਕ ਪਾਸੜ ਫੈਸਲਾ ਨਹੀਂ ਲੈ ਸਕਦਾ। ਉਹ ਮੈਂਬਰਾਂ ਵਲੋਂ ਸ੍ਰੀਲੰਕਾ ਵਿਚ ਹੋਈਆਂ ਉਤਰ-ਪੂਰਬੀ ਸੂਬਾਈ ਚੋਣਾਂ ਬਾਰੇ ਮੰਗੇ ਸਪਸ਼ਟੀਕਰਨ ਦਾ ਉਤਰ ਦੇ ਰਹੇ ਸਨ।

ਉਨ੍ਹਾਂ ਕਿਹਾ ਕਿ ਸ੍ਰੀਲੰਕਾ ਵਿਚ ਉਤਰ ਪੂਰਬੀ ਸੂਬਾਈ ਪ੍ਰੀਸ਼ਦ ਚੋਣਾਂ "ਅਮਨ ਅਮਾਨ, ਪੂਰੀ ਤਰ੍ਹਾਂ ਨਿਰਪੱਖ ਅਤੇ ਸਭ ਤੋਂ ਵੱਡੀ ਗੱਲ, ਵਿਆਪਕ ਸਫਲਤਾਪੂਰਣ ਹੋਈਆਂ ਹਨ, ਇਹ ਸਰਬਸੰਮਤੀ ਨਾਲ ਦਿੱਤਾ ਫੈਸਲਾ ਹੈ।" ਸ੍ਰੀ ਨਰਸਿਮਹਾ ਰਾਓ ਨੇ ਕਿਹਾ ਕਿ "ਇਸ ਤੋਂ ਸਾਨੂੰ ਇਕ ਇਹ ਸੂਤਰ ਵੀ ਮਿਲਦਾ ਹੈ ਕਿ ਲਿਟੇ ਮੈਂਬਰ ਕਿਉਂ ਲੋਕਮਤ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਹਨ ਅਤੇ ਬੰਦੂਕ ਦੀ ਨੋਕ 'ਤੇ ਹਰ ਗੱਲ ਮੰਨਵਾਉਣੀ ਚਾਹੁੰਦੇ ਹਨ।"

ਵਿਦੇਸ਼ ਮੰਤਰੀ ਨੇ ਕਿਹਾ ਕਿ ਤਾਮਿਲਾਂ ਨੇ ਇਸ ਗੱਲ ਦਾ ਵੀ ਸੰਕੇਤ ਦੇ ਦਿੱਤਾ ਹੈ ਕਿ ਉਹ ਭਾਰਤ-ਸ੍ਰੀਲੰਕਾ ਸਮਝੌਤੇ ਦੇ ਹੱਕ ਵਿਚ ਹਨ ਅਤੇ ਹਿੰਸਾ ਦਾ ਖਾਤਮਾ ਚਾਹੁੰਦੇ ਹਨ।

# ਇਨਕਲਾਬੀ ਨੇਤਾ ਦੀ ਬਿਹਾਰ ਪੁਲੀਸ ਵਲੋਂ ਗ੍ਰਿਫਤਾਰੀ ਦੀ ਨਿਖੇਧੀ

ਬਰਨਾਲਾ — ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਨੇ ਬਿਹਾਰ ਪੁਲੀਸ ਵਲੋਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੇ ਸਕੱਤਰ ਸ੍ਰੀ ਅਮਰਜੀਤ ਸੋਹੀ ਦੀ ਗ੍ਰਿਫਤਾਰੀ ਦੀ ਨਿਖੇਧੀ ਕੀਤੀ ਹੈ। ਸਭਾ ਵਲੋਂ ਜਾਰੀ ਕੀਤੇ ਬਿਆਨ ਵਿਚ ਕਿਹਾ ਹੈ ਕਿ ਸ੍ਰੀ ਸੋਹੀ ਲੋਕ ਸੰਗਰਾਮ ਮੋਰਚਾ ਦੇ ਸਥਾਪਨਾ ਦਿਵਸ ਵਿਚ ਸ਼ਾਮਲ ਹੋਣ ਲਈ ਬਿਹਾਰ ਗਏ ਸੀ। ਉਥੋਂ ਦੇ ਹਰੀਜਨਾਂ ਉਤੇ ਹੋਏ ਜ਼ੁਲਮਾਂ ਬਾਰੇ ਪਿੰਡਾਂ ਵਿਚ ਜਾ ਕੇ ਸਰਵੇ ਕਰ ਰਹੇ ਸਨ ਜਦੋਂ ਕਿ ਕਰਪੀ ਥਾਣੇ ਦੀ ਪੁਲੀਸ ਨੇ 'ਖਾਲਿਸਤਾਨੀ ਦਹਿਸ਼ਤਗਰਦ' ਕਹਿ ਕੇ ਗ੍ਰਿਫਤਾਰ ਕਰ ਲਿਆ। ਜਦੋਂ ਕਿ ਸ੍ਰੀ ਸੋਹੀ ਜਮਹੂਰੀ ਅਧਿਕਾਰ ਸਭਾ ਦੇ ਵਰਕਰ ਤੇ ਲੇਖਕ ਹਨ, ਉਨ੍ਹਾਂ ਦਾ ਖਾਲਿਸਤਾਨੀਆਂ ਆਦਿ ਨਾਲ ਕੋਈ ਸੰਬੰਧ ਨਹੀਂ ਹੈ।

ਬਿਆਨ ਵਿਚ ਕਿਹਾ ਹੈ ਕਿ ਪੰਜਾਬ ਤੋਂ ਬਾਹਰ ਪੰਜਾਬੀਆਂ ਨਾਲ ਜਨੂੰਨੀ ਵਿਅਕਤੀ ਹੀ ਭੈੜਾ ਵਰਤਾਓ ਨਹੀਂ ਕਰਦੇ ਸਗੋਂ ਸਰਕਾਰਾਂ ਵੀ ਜ਼ਬਰ ਦਾ ਸ਼ਿਕਾਰ ਬਣਾਉਂਦੀਆਂ ਹਨ। ਕੀ ਦੇਸ਼ ਦੀ ਏਕਤਾ, ਅਖੰਡਤਾ ਦਾ ਇਹੋ ਰੂਪ ਹੈ ਕਿ 'ਪੰਜਾਬੀ ਦੇਸ਼ ਦੇ ਦੂਜੇ ਹਿੱਸਿਆਂ ਵਿਚ ਜਾਣ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇ।' ਬਿਆਨ ਵਿਚ ਸਮੂਹ ਪੰਜਾਬੀਆਂ ਨੂੰ ਇਸ ਧੱਕੇ ਵਿਰੁਧ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

# ਅਤਿਵਾਦੀ ਹਰਕਤਾਂ ਦੀ ਨਿਖੇਧੀ

ਮੋਗਾ — ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਦੀ ਮੋਗਾ ਇਕਾਈ ਨੇ ਨੌਜਵਾਨ ਅਤੇ ਸਾਬਕਾ ਵਿਦਿਆਰਥੀ ਆਗੂ ਨਰਿੰਦਰ ਚਾਹਲ ਐਡਵੋਕੇਟ ਉਤੇ ਦਹਿਸ਼ਤਗਰਦਾਂ ਵਲੋਂ ਕੀਤੀ ਗਈ ਹਮਲੇ ਦੀ ਨਕਾਮ ਕੋਸ਼ਿਸ਼ ਦੀ ਸਖਤ ਨਿਖੇਧੀ ਕੀਤੀ ਹੈ। ਫਰੰਟ ਦੀ ਮੋਗਾ ਇਕਾਈ ਦੇ ਕਨਵੀਨਰ ਅਮਰ ਲੰਬੀ ਨੇ ਇਕ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਜਿਸ ਢੰਗ ਨਾਲ

ਦਹਿਸ਼ਤਗਰਦ ਮੋਗਾ ਕਚਹਿਰੀਆਂ ਨੇੜੇ ਹਮਲਾ ਕਰਨ ਦੀ ਤਾੜ ਵਿਚ ਘੁੰਮਦੇ ਰਹੇ, ਤੇ ਉਸ ਤੋਂ ਪ੍ਰਸ਼ਾਸਨ ਦੀ ਦਹਿਸ਼ਤਗਰਦੀ ਦੇ ਟਾਕਰੇ ਲਈ ਢਿੱਲ-ਮੱਠ ਵਾਲੀ ਨੀਤੀ ਦਾ ਸਾਫ ਪਤਾ ਲਗਦਾ ਹੈ।

ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਦੀ ਇਸ ਨੀਤੀ ਵਿਰੁਧ ਪਹਿਲੀ ਦਸੰਬਰ ਨੂੰ ਮੋਗੇ ਵਿਚ ਮੁਜ਼ਾਹਰਾ ਕੀਤਾ ਗਿਆ।

# ਬਜ਼ੁਰਗ ਧਰਮ ਸਿੰਘ ਚੀਮਾ ਹਾਦਸੇ ਵਿਚ ਹਲਾਕ

ਸਰੀ — 68 ਸਾਲਾ ਬਜ਼ੁਰਗ ਧਰਮ ਸਿੰਘ ਚੀਮਾ ਪਿਛਲੇ ਵੀਰਵਾਰ ਸਰੀ ਪਲੇਸ ਸ਼ਾਪਿੰਗ ਸੈਂਟਰ ਦੇ ਸਾਹਮਣੇ ਕਿੰਗ ਜਾਰਜ਼ ਹਾਈਵੇ ਉਤੇ ਇਕ ਵੈਨ ਨਾਲ ਹਾਦਸੇ ਸਮੇਂ ਪੂਰੇ ਹੋ ਗਏ।

ਸ੍ਰੀ ਚੀਮਾ 100 ਐਵੇਨਿਊ ਦੇ ਸਾਹਮਣੇ ਕਿੰਗ ਜਾਰਜ ਹਾਈਵੇ ਪਾਰ ਕਰਨ ਲੱਗੇ ਸਨ ਜਦੋਂ ਇਕ ਵੈਨ ਉਨ੍ਹਾਂ ਵਿਚ ਆ ਵੱਜੀ। ਵੈਨ ਦਾ ਡਰਾਈਵਰ 27 ਸਾਲਾ ਰਿਚਮੰਡ-ਨਿਵਾਸੀ ਨੌਜਵਾਨ ਸੀ। ਜਿਥੇ ਇਹ ਹਾਦਸਾ ਹੋਇਆ ਉਥੇ ਸੜਕ ਦੀਆਂ ਛੇ ਲੇਨਾਂ ਹਨ।

ਸ੍ਰੀ ਚੀਮਾ ਨੂੰ ਉਸੇ ਵਕਤ ਸਰੀ ਮੈਮੋਰੀਅਲ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਦੀ ਸ਼ਾਮ ਦੇ ਸਾਢੇ ਛੇ ਵਜੇ ਮੌਤ ਹੋ ਗਈ। ਇਹ ਹਾਦਸਾ ਤਿੰਨ ਵਜੇ ਸ਼ਾਮ ਨੂੰ ਹੋਇਆ।

ਸਰੀ ਦੀ ਪੁਲਸ ਐਕਸੀਡੈਂਟ ਦੀ ਤਹਿਕੀਕਾਤ ਕਰ ਰਹੀ ਹੈ।

# ਵੈਨਕੂਵਰ ਵਿਚ 67-ਸਾਲਾ ਤੇਜ ਕੌਰ ਹੁੰਦਲ ਦਾ ਕਤਲ

ਵੈਨਕੂਵਰ — ਸ਼ਮਸ਼ੇਰ ਹੁੰਦਲ ਦੀ ਮਾਤਾ ਤੇਜ ਕੌਰ ਹੁੰਦਲ ਦਾ ਕਤਲ ਕਿਸੇ ਨੇ ਗਲ ਘੁੱਟ ਕੇ ਕਰ ਦਿੱਤਾ। 'ਪ੍ਰੋਵਿੰਸ' ਵਿਚ ਛਪੀ ਖਬਰ ਅਨੁਸਾਰ ਤੇਜ ਕੌਰ ਹੁੰਦਲ ਦੀ ਉਮਰ 67 ਸਾਲ ਸੀ ਤੇ ਉਸਦੀ ਲਾਸ਼ ਉਸਦੇ ਪੁੱਤਰ ਨੇ ਕੰਮ ਤੋਂ ਆ ਕੇ ਦੇਖੀ।

63 ਐਵੇਨਿਊ ਨੇੜੇ ਇਹ ਪ੍ਰਵਾਰ ਬੇਸਮੈਂਟ ਵਿਚ ਰਹਿੰਦਾ ਸੀ। ਸ਼ਮਸ਼ੇਰ ਹੁੰਦਲ ਦੇ ਰੀਪੋਰਟਰ ਨੂੰ ਦੱਸਣ ਮੁਤਾਬਕ ਤੇਜ ਕੌਰ ਹੁੰਦਲ ਦੇ ਗਲ ਉਤੇ ਉਂਗਲੀਆਂ ਦੇ ਨਿਸ਼ਾਨ ਸਨ ਜਿਸ ਤੋਂ ਪਤਾ ਲਗਦਾ ਹੈ ਕਿ ਉਸਨੂੰ ਗਲ ਘੁੱਟਕੇ ਮਾਰਿਆ ਗਿਆ। ਤੇਜ ਕੌਰ ਹੁੰਦਲ ਇਸੇ ਵਰ੍ਹੇ ਫਰਵਰੀ ਵਿਚ ਭਾਰਤ ਤੋਂ ਆਪਣੇ ਪੁੱਤਰ ਅਤੇ ਨੂੰਹ ਨਾਲ ਰਹਿਣ ਲਈ ਆਈ ਸੀ।

ਸ਼ਮਸ਼ੇਰ ਹੁੰਦਲ ਅਨੁਸਾਰ 'ਘਰ ਵਿਚੋਂ ਕੋਈ ਚੀਜ਼ ਚੋਰੀ ਵੀ ਨਹੀਂ ਹੋਈ - ਵੀਡੀਓ ਰੀਕਾਰਡਰ ਤੇ ਹੋਰ ਚੀਜ਼ਾਂ ਉਵੇਂ ਪਈਆਂ ਹਨ।'

## ਪੁਲਸ ਵਲੋਂ ਤਹਿਕੀਕਾਤ

ਤੇਜ ਕੌਰ ਹੁੰਦਲ ਦੇ ਕਤਲ ਦੀ ਪੁਲਸ ਵਲੋਂ ਤਹਿਕੀਕਾਤ ਜਾਰੀ ਹੈ। ਵੈਨਕੂਵਰ ਸ਼ਹਿਰ ਵਿਚ ਇਹ 24ਵਾਂ ਕਤਲ ਦੱਸਿਆ ਜਾਂਦਾ ਹੈ।

# ਸਾਥੀ ਗਦਰਾ ਦੇ ਕਤਲ ਦੀ ਸੀ. ਪੀ. ਆਈ. ਸੂਬਾ ਸਕੱਤਰ ਵਲੋਂ ਨਿੰਦਾ

ਜਲੰਧਰ — ਸੀ ਪੀ ਆਈ ਦੀ ਪੰਜਾਬ ਸੂਬਾ ਕੌਂਸਲ ਦੇ ਸਕੱਤਰ ਸਾਥੀ ਪਿਆਰਾ ਸਿੰਘ ਦਿਓਸੀ ਨੇ ਕਿਸਾਨ ਤੇ ਕਮਿਊਨਿਸਟ ਆਗੂ ਸਾਥੀ ਅਜੀਤ ਸਿੰਘ ਗਦਰਾ ਦੇ ਖਾਲਿਸਤਾਨੀ ਦਹਿਸ਼ਤਗਰਦਾਂ ਵਲੋਂ ਘਿਨਾਉਣੇ ਕਤਲ ਦੀ ਨਿਖੇਧੀ ਕੀਤੀ ਹੈ।

ਇਥੇ ਜਾਰੀ ਕੀਤੇ ਬਿਆਨ ਵਿਚ ਸਾਥੀ ਦਿਓਸੀ ਨੇ ਕਿਹਾ ਕਿ ਕਮਿਊਨਿਸਟ ਆਗੂਆਂ ਤੇ ਕਾਰਕੁਨਾਂ ਦੇ ਕਤਲ ਕਰਕੇ ਦਹਿਸ਼ਤਗਰਦ ਦੇਸ਼ ਭਗਤ ਇਨਕਲਾਬੀਆਂ ਦੀ ਆਵਾਜ਼ ਨੂੰ ਦਬਾ ਨਹੀਂ ਸਕਦੇ। ਕਮਿਊਨਿਸਟ ਸ਼ਹੀਦਾਂ ਦਾ ਡੁਲ੍ਹਿਆ ਖੂਨ ਸਾਨੂੰ ਰਾਸ਼ਟਰ ਵਿਰੋਧੀ ਸ਼ਕਤੀਆਂ ਵਿਰੁਧ ਸੰਘਰਸ਼ ਕਰਨ ਲਈ ਸ਼ਕਤੀ ਪ੍ਰਦਾਨ ਕਰੇਗਾ।

# ਬਿਦਰ ਵਿਚ ਸਿੱਖ ਵਿਦਿਆਰਥੀ ਹੋਸਟਲਾਂ ਵਿਚ ਰਹਿਣਗੇ

ਬਿਦਰ (ਕਰਨਾਟਕ) — ਸਤੰਬਰ ਵਿਚ ਹੋਏ ਛੇ ਸਿੱਖ ਵਿਦਿਆਰਥੀਆਂ ਦੇ ਕਤਲਾਂ ਅਤੇ ਹਿੰਦੂ-ਸਿੱਖ ਦੰਗਿਆਂ ਕਾਰਨ ਸਿੱਖ ਸੰਸਥਾ ਦੇ ਸੰਚਾਲਕਾਂ ਨੇ ਸਿੱਖ ਵਿਦਿਆਰਥੀਆਂ ਲਈ ਹੋਸਟਲ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਨਾਲ 1000 ਸਿੱਖ ਵਿਦਿਆਰਥੀ ਹੋਸਟਲਾਂ ਵਿਚ ਰਹਿਣਗੇ। ਸੁਸਾਇਟੀ ਨੇ ਇਹ ਕਦਮ ਇਸ ਲਈ ਚੁਕਿਆ ਹੈ ਤਾਕਿ ਵਿਦਿਆਰਥੀਆਂ ਨੂੰ ਸ਼ਹਿਰ ਵਿਚ ਲੋਕਾਂ ਦੇ ਘਰਾਂ ਵਿਚ ਕਿਰਾਏ ਉਤੇ ਨਾ ਰਹਿਣਾ ਪਵੇ।

ਗੁਰੂ ਨਾਨਕ ਸਿੱਖ ਸੁਸਾਇਟੀ ਉਥੇ ਕਈ ਅਦਾਰੇ ਚਲਾ ਰਹੀ ਹੈ ਜਿਸ ਵਿਚ ਪਾਲੀਟੈਕਨਿਕ ਤੇ ਇੰਜਨੀਅਰਿੰਗ ਕਾਲਜ ਵੀ ਹਨ।

ਪੁਲਸ ਨੂੰ ਵੀ ਕਿਹਾ ਗਿਆ ਹੈ ਕਿ ਬੱਸਾਂ ਵਿਚ ਉਹ ਸਿੱਖ ਵਿਦਿਆਰਥੀਆਂ ਦੀ ਸੁਰੱਖਿਆ ਦਾ ਖਿਆਲ ਰੱਖਣ।

# ਪਾਕਿ ਸਰਹੱਦ ਉਤੇ ਪੰਜ ਦਹਿਸ਼ਤਗਰਦ ਫੜੇ

ਸ੍ਰੀ ਨਗਰ — ਜੰਮੂ-ਕਸ਼ਮੀਰ ਨਾਲ ਪਾਕਿ ਸਰਹੱਦ ਉਤੋਂ ਸੁਰੱਖਿਆ ਸੈਨਾ ਨੇ ਪੰਜ ਅਜਿਹੇ ਦਹਿਸ਼ਤਗਰਦ ਫੜੇ ਹਨ ਜਿਨ੍ਹਾਂ ਨੂੰ ਪਾਕਿਸਤਾਨ ਵਿਚੋਂ ਟਰੇਨਿੰਗ ਦੇ ਕੇ ਭਾਰਤ ਦੇ ਇਲਾਕੇ ਵਿਚ ਭੇਜਿਆ ਗਿਆ ਸੀ। ਇਨ੍ਹਾਂ ਕੋਲੋਂ ਬਾਰੂਦ ਤੇ ਹੋਰ ਗੋਲੀ ਸਿੱਕਾ ਵੀ ਮਿਲਿਆ।

ਇਹ ਦਹਿਸ਼ਤਗਰਦ ਸ੍ਰੀ ਨਗਰ ਲਾਗੇ ਇਕ ਜ਼ਿਲੇ 'ਚੋਂ ਫੜੇ ਗਏ।

## ਕਹਾਣੀ

# ਭਟਕੀ ਹੋਈ ਰੂਹ

ਸੁਰਿੰਦਰ ਸਿੰਘ ਜੌਹਰ

ਉਹ ਕੋਈ ਦਰਵੇਸ਼ ਨਹੀਂ ਸੀ, ਇਕ ਇਨਸਾਨ ਸੀ । ਇਸੇ ਧਰਤੀ 'ਤੇ ਰਹਿੰਦਾ ਸੀ, ਆਮ ਲੋਕਾਂ ਵਾਂਗ ਹੀ ਖਾਂਦਾ ਪੀਂਦਾ ਸੀ, ਆਮ ਲੋਕਾਂ ਵਾਂਗ ਹੀ ਆਪਣਾ ਕੰਮ ਧੰਦਾ ਕਰਦਾ ਸੀ ਪਰ ਉਹਦੇ ਅੰਦਰ ਇਕ ਦੇਵਤੇ ਦਾ ਦਿਲ ਸੀ । ਉਹਦੇ ਦਿਲ 'ਤੇ ਜ਼ਰਾ ਜਿੰਨੀ ਚੋਟ ਵੱਜਦੀ ਤਾਂ ਉਹਦਾ ਮਨ ਪਿਘਲ ਜਾਂਦਾ। ਉਹ ਵਿਆਕੁਲ ਹੋ ਉਠਦਾ । ਅੰਦਰ ਦੀ ਪੀੜਾ ਉਸ ਕੋਲੋਂ ਸਹਿਣੀ ਔਖੀ ਹੋ ਜਾਂਦੀ ।

ਇਕ ਰਾਤ ਉਸ ਦਾ ਮਨ ਬਹੁਤ ਉਦਾਸ ਸੀ। ਉਹ ਅੰਦਰ ਦੀ ਪੀੜਾ ਨਾਲ ਤੜਪ ਰਿਹਾ ਸੀ । ਉਸ ਨੂੰ ਨਾ ਬੈਠਣ ਨਾਲ ਚੈਨ ਮਿਲ ਰਿਹਾ ਸੀ ਅਤੇ ਨਾ ਪਲੰਘ 'ਤੇ ਲੇਟਣ ਨਾਲ ਉਹਦੇ ਮਨ ਨੂੰ ਸ਼ਾਂਤੀ ਆ ਰਹੀ ਸੀ। ਉਹ ਵਿਆਕੁਲ ਹੋ ਕੇ ਉਠ ਪਿਆ, ਕੱਪੜੇ ਬਦਲੇ, ਕੁੜਤਾ ਪਜਾਮਾ ਹੀ ਸਾਹਮਣੇ ਅਲਮਾਰੀ ਵਿਚ ਟੰਗਿਆ ਦੇਖਿਆ, ਉਹੋ ਹੀ ਪਾ ਲਿਆ ।

ਉਸ ਨੇ ਕੋਠੇ ਉਤੇ ਚੜ੍ਹ ਕੇ ਵੇਖਿਆ, ਚਾਰ ਚੁਫੇਰੇ ਅੱਗ ਲੱਗੀ ਹੋਈ ਸੀ। ਅੱਗ ਦੇ ਭਾਂਬੜ ਮੱਚੇ ਹੋਏ ਸਨ । ਅੱਧੇ ਤੋਂ ਵੱਧ ਸ਼ਹਿਰ ਸੜ ਰਿਹਾ ਸੀ। ਦੁਕਾਨਾਂ ਸੜ ਰਹੀਆਂ ਸਨ, ਘਰ ਸੜ ਰਹੇ ਸਨ, ਕਾਰਖਾਨੇ ਫੂਕੇ ਜਾ ਰਹੇ ਸਨ। ਉਸ ਆਪਣੇ ਗਵਾਂਢੀ ਨੂੰ ਪੁੱਛਿਆ:

"ਇਹ ਕੀ ਹੋ ਰਿਹਾ ਹੈ ?" ਇਹ ਅੱਗਾਂ ਕਿਉਂ ਲੱਗੀਆਂ ਹੋਈਆਂ ਨੇ ?

"ਤੈਨੂੰ ਨਹੀਂ ਪਤਾ, ਤੂੰ ਕਿਹੜੀ ਦੁਨੀਆਂ 'ਚ ਵਸਦਾ ਏਂ ?"

"ਮੈਨੂੰ ਤਾਂ ਕੁਝ ਨਹੀਂ ਪਤਾ, ਮੇਰਾ ਤਾਂ ਅੰਦਰੋਂ ਦਿਲ ਧੁਖ ਰਿਹਾ ਸੀ, ਅੰਦਰ ਹੂ ਜਿਹੀ ਉਠ ਰਹੀ ਸੀ, ਇਸ ਕਰ ਕੇ ਮੈਂ ਕੋਠੇ 'ਤੇ ਚੜ੍ਹ ਆਇਆ ।"

"ਕੁਝ ਲੋਕਾਂ ਨੇ ਇਕ ਥਾਂ 'ਤੇ ਕੁਝ ਨਿਰਦੋਸ਼ ਲੋਕਾਂ ਨੂੰ ਮਾਰ ਦਿੱਤਾ ਹੈ।"

"ਇਹ ਤਾਂ ਉਨ੍ਹਾਂ ਬਹੁਤ ਬੁਰਾ ਕੀਤਾ, ਮੈਨੂੰ ਤਾਂ ਪਤਾ ਹੀ ਨਹੀਂ ਚਲਿਆ।"

"ਤੂੰ ਪਤਾ ਨਹੀਂ ਕਿੱਥੇ ਵਸਦਾ ਏਂ, ਕੱਲ੍ਹ ਤੋਂ ਸਾਰਾ ਸ਼ਹਿਰ ਸੜ ਰਿਹਾ ਹੈ"

'ਬੜੀ ਅਜੀਬ ਗੱਲ ਹੈ, ਲੋਕ ਉਥੇ ਮਰੇ ਹਨ ਤੇ ਸ਼ਹਿਰ ਇਹ ਸੜ ਰਿਹਾ ਹੈ"

"ਇਹੋ ਤਾਂ ਸਮਝ ਨਹੀਂ ਆਂਦੀ ।"

"ਉਨ੍ਹਾਂ ਮਾਰਨ ਵਾਲਿਆਂ ਨੂੰ ਪਕੜੋ, ਉਨ੍ਹਾਂ ਨੂੰ ਸਜ਼ਾ ਦਿਉ ।"

"ਮੈਂ ਕੀ ਕਰ ਸਕਦਾ ਹਾਂ ।"

"ਦੋਸਤ ਥੋੜਾ ਤੇ ਨਿਰਾਸ਼ ਹੋਣ ਦੀ ਲੋੜ ਨਹੀਂ। ਹੌਸਲਾ ਰੱਖ। ਕੌਮਾਂ 'ਤੇ ਇਹੋ ਜਿਹੇ ਸੰਕਟ ਆਉਂਦੇ ਹੀ ਹੁੰਦੇ ਨੇ ।"

ਆਖ ਕੇ ਉਹ ਘਰੋਂ ਬਾਹਰ ਨਿਕਲ ਟੁਰਿਆ । ਬਾਹਰ ਸੜਕ ਉਤੇ ਟੈਕਸੀਆਂ ਨੂੰ ਅੱਗ ਲੱਗੀ ਹੋਈ ਸੀ । ਟੈਕਸੀਆਂ ਸੜ ਕੇ ਸੁਆਹ ਹੋ ਗਈਆਂ ਸਨ ਤੇ ਉਨ੍ਹਾਂ ਦੇ ਮਾਲਕ, ਵਿਚਾਰੇ ਨਿਰਦੋਸ਼, ਟੈਕਸੀਆਂ ਨਾਲ ਹੀ ਸਾੜ ਦਿੱਤੇ ਗਏ। ਉਸ ਨੇ ਸੋਚਿਆ ਇਹ ਸਭ ਕੁਝ ਕੀ ਹੋ ਰਿਹਾ ਹੈ। ਲੋਕਾਂ ਨੂੰ ਕੀ ਝੱਲ ਕੁਦ ਪਿਆ ਹੈ। ਆਪਣੇ ਹੀ ਭਰਾਵਾਂ ਨੂੰ ਸਾੜਿਆ ਜਾ ਰਿਹਾ ਹੈ। ਉਹ ਹੋਰ ਅਗੇ ਵਧਿਆ। ਕੁਝ ਦੁਕਾਨਾਂ ਨੂੰ ਅੱਗ ਲੱਗੀ ਹੋਈ ਸੀ। ਦੁਕਾਨਾਂ ਦਾ ਮਾਲ ਬਾਹਰ ਬਿਖਰਿਆ ਪਿਆ ਸੀ। ਵਧੀਆ ਵਧੀਆ ਚੀਜ਼ਾਂ, ਟੀ. ਵੀ., ਵੀਡੀਓ, ਟੂ-ਇਨ-ਵਿਨ ਲੋਕੀਂ ਚੁੱਕ ਕੇ ਘਰਾਂ ਨੂੰ ਲਿਜਾ ਰਹੇ ਸਨ। ਉਸ ਦਾ ਮਨ ਹੋਰ ਉਦਾਸ ਹੋ ਗਿਆ। ਪੁਲੀਸ ਦੇ ਦੋ ਸਿਪਾਹੀ ਹੱਥਾਂ ਵਿਚ ਲਾਠੀਆਂ ਫੜੀ ਇਕ ਕੋਨੇ ਵਿਚ ਖਲੋਤੇ ਸਨ ਜਿਵੇਂ ਕੋਈ ਨਾਟਕ ਵੇਖ ਰਹੇ ਹੋਣ। ਉਹ ਭੀੜ, ਜਿਹੜੀ ਮਾਲ ਲੁੱਟ ਰਹੀ ਸੀ, ਨੂੰ ਕੁਝ ਨਹੀਂ ਸਨ ਆਖ ਰਹੇ। ਇਕ ਸਿਪਾਹੀ ਨੇ ਇਕ ਬੰਦੇ ਨੂੰ ਆਖਿਆ, "ਇਕ ਰੰਗਦਾਰ ਟੀ. ਵੀ. ਮੇਰੇ ਘਰ ਪਹੁੰਚਾ ਦੇਵੀਂ ਨਹੀਂ ਤਾਂ ਮੈਂ ਤੈਨੂੰ ਅੰਦਰ ਬੰਦ ਕਰ ਦਿਆਂਗਾ।"

"ਹਜ਼ੂਰ ਤੁਹਾਡੇ ਘਰ ਪਹੁੰਚਣ ਤੋਂ ਪਹਿਲਾਂ ਪਹਿਲਾਂ ਹੀ ਪਹੁੰਚ ਜਾਵੇਗਾ, ਤੁਸੀਂ ਕੋਈ ਚਿੰਤਾ ਨਾ ਕਰੋ ।"

ਉਹਦਾ ਹਿਰਦਾ ਤੜਪ ਉਠਿਆ। ਉਹ ਸਿਪਾਹੀ ਦੇ ਨੇੜੇ ਹੋ ਗਿਆ ਤੇ ਉਸ ਨੂੰ ਆਖਿਆ, "ਇਹ ਤੂੰ ਕੀ ਆਖ ਰਿਹਾ ਏਂ, ਤੂੰ ਲੋਕਾਂ ਨੂੰ ਡਰਾ ਧਮਕਾ ਕੇ ਖਿਡਾ ਦੇ।"

ਮੈਨੂੰ ਭੀੜ ਨਾਲ ਸਖਤੀ ਨਾਲ ਨਿਬੜਨ ਦਾ ਹੁਕਮ ਨਹੀਂ, ਪਿਆਰ ਨਾਲ ਮੈਂ ਉਨ੍ਹਾਂ ਨੂੰ ਸਮਝਾਇਆ ਹੈ ਕਿ ਉਹ ਘਰੋ ਘਰੀ ਚਲੇ ਜਾਣ ਪਰ ਮੇਰੀ ਗੱਲ ਕਿਸੇ ਨਹੀਂ ਮੰਨੀ।"

"ਇਸ ਤਰ੍ਹਾਂ ਕੋਈ ਗੱਲ ਨਹੀਂ ਮੰਨਦਾ। ਤੂੰ ਪੁਲੀਸ ਸਟੇਸ਼ਨ ਨੂੰ ਟੈਲੀਫੋਨ ਕਰ ਕੇ ਹੋਰ ਪੁਲੀਸ ਮੰਗਵਾ ਤੇ ਭੀੜ ਨੂੰ ਤਿਤਰ ਬਿਤਰ ਕਰ।"

"ਇਹ ਮੇਰਾ ਕੰਮ ਨਹੀਂ ।"

"ਹੋਰ ਕਿਸ ਦਾ ਹੈ ?"

"ਹਾਕਮਾਂ ਦਾ ।"

"ਮੈਂ ਆਪ ਪੁਲੀਸ ਸਟੇਸ਼ਨ 'ਤੇ ਟੈਲੀਫੋਨ ਕਰਦਾ ਹਾਂ ।

"ਤੂੰ ਇਥੋਂ ਚਲਾ ਜਾ ਨਹੀਂ ਤਾਂ ਤੈਨੂੰ ਹਵਾਲਾਤ ਵਿਚ ਬੰਦ ਕਰਵਾ ਦਿਆਂਗਾ।" ਵਿਚੋਂ ਦੂਜਾ ਸਿਪਾਹੀ ਬੋਲ ਪਿਆ।

ਉਹਦੇ ਸੀਨੇ ਵਿਚ ਇਕ ਸੋਚ ਉਭਰੀ ਤੇ ਤਰਾਟ ਬਣ ਗਈ । ਅਜੀਬ ਹਾਲਤ ਹੈ, 'ਅਮਨ ਦੇ ਰਾਖੇ ਹੀ ਲੁੱਟਮਾਰ ਕਰਨ ਵਾਲਿਆਂ ਨਾਲ ਮਿਲ ਗਏ ਨੇ, ਅਸੀਂ ਕਿਧਰ ਜਾ ਰਹੇ ਹਾਂ। ਸਾਡਾ ਬਣੇਗਾ ਕੀ।" ਇਨ੍ਹਾਂ ਸੋਚਾਂ ਵਿਚ ਡੁੱਬਿਆ ਉਹ ਅੱਗੇ ਵਧਿਆ। ਉਸ ਦਾ ਜੀਅ ਕੀਤਾ ਕਿ ਕਿਤੋਂ ਕੁਝ ਖਾ ਪੀ ਲਵੇ। ਉਹ ਇਕ ਦੁਕਾਨ ਕੋਲ ਗਿਆ। ਪੁੱਛਿਆ, "ਇਹ ਦੁਕਾਨ ਅੱਜ ਖੁਲ੍ਹੀ ਨਹੀਂ, ਮੈਨੂੰ ਭੁੱਖ ਲੱਗੀ ਹੈ।"

"ਤੈਨੂੰ ਪਤਾ ਨਹੀਂ ਅੱਜ 'ਬੰਦ' ਹੈ।"

"ਕਿਉਂ ਕੀ ਹੋਇਆ ਹੈ ?"



ਉਸ ਸ਼ਹਿਰ ਵਿਚ, ਨਾਂ ਤਾਂ ਮੈਨੂੰ ਯਾਦ ਨਹੀਂ, ਕਈ ਲੋਕਾਂ ਦੀ ਹੱਤਿਆ ਹੋ ਗਈ ਹੈ।"

"ਹੱਤਿਆ ਉਸ ਸ਼ਹਿਰ 'ਚ ਪਰ ਦੁਕਾਨਾਂ ਇਥੇ ਬੰਦ ।"

"ਅਸੀਂ ਰੋਸ ਪ੍ਰਗਟ ਕਰ ਰਹੇ ਹਾਂ ।"

"ਰੋਸ ਪ੍ਰਗਟ ਕਰਨ ਦਾ ਹੋਰ ਕੋਈ ਢੰਗ ਨਹੀਂ ।"

"ਸਾਡੇ ਨੇਤਾ ਆਖਦੇ ਨੇ ਦੁਕਾਨਾਂ ਬੰਦ ਰੱਖੋ" ।

"ਇਹਦੇ ਨਾਲ ਕੀ ਬਣਨਾ ਏ ।"

"ਤੂੰ ਆਪਣਾ ਰਾਹ ਸੰਭਾਲ, ਸਾਡੇ ਕੋਲ ਫਾਲਤੂ ਗੱਲਾਂ ਕਰਨ ਦਾ ਵਕਤ ਨਹੀਂ ।"

ਉਹ ਸਿਰ ਨੀਵਾਂ ਪਾਈ ਅੱਗੇ ਟੁਰ ਗਿਆ। ਅੱਗੇ ਕੀ ਵੇਖਦਾ ਹੈ, ਲੋਕਾਂ ਦਾ ਇਕ ਹਜ਼ੂਮ ਇਕੱਠਾ ਹੋ ਰਿਹਾ ਸੀ। "ਰੋਕ ਦੇ ਬਾਵਜੂਦ ਭੀੜ ਕਿਉਂ ਇਕੱਠੀ ਹੋ ਰਹੀ ਹੈ ?" ਉਸ ਇਕ ਆਦਮੀ ਨੂੰ ਪੁੱਛਿਆ ।

"ਤੈਨੂੰ ਪਤਾ ਨਹੀਂ ਇਸ ਸ਼ਹਿਰ ਵਿਚ ਪੁਲੀਸ ਨੇ ਕੁਝ ਲੋਕਾਂ ਨੂੰ ਇਕੱਠਾ ਕਰ ਕੇ ਗੋਲੀ ਨਾਲ ਉਡਾ ਦਿੱਤਾ ਹੈ ।"

"ਇਹ ਤੁਸੀਂ ਕੀ ਆਖ ਰਹੇ ਹੋ ?"

"ਮੈਂ ਠੀਕ ਆਖ ਰਿਹਾ ਹਾਂ। ਪੁਲੀਸ ਨੇ ਬੜਾ ਜ਼ੁਲਮ ਢਾਹਿਆ ਹੈ।"

"ਉਨ੍ਹਾਂ ਲੋਕਾਂ ਦਾ ਕਸੂਰ ?"

"ਕਸੂਰ ਕੁਝ ਵੀ ਨਹੀਂ, ਆਪਣੇ ਕੰਮਾਂ ਤੋਂ ਘਰਾਂ ਨੂੰ ਪਰਤ ਰਹੇ ਸਨ, ਕੱਲ੍ਹ ਤਰਕਾਲਾਂ ਵੇਲੇ ।"

ਬਹੁਤ ਬੁਰੀ ਗੱਲ ਹੈ ਪਰ ਲੋਕਾਂ ਦਾ ਹਜ਼ੂਮ ਕਿਉਂ ਇਕੱਠਾ ਹੋ ਰਿਹਾ ਹੈ ?"

"ਅਸੀਂ ਬਦਲਾ ਲਵਾਂਗੇ ।"

"ਬਦਲਾ-ਬਦਲਾ, ਬਦਲਾ ਲੈਣਾ ਤਾਂ ਠੀਕ ਨਹੀਂ ।"

"ਸਾਡੇ ਲਈ ਹੋਰ ਚਾਰਾ ਵੀ ਕੀ ਹੈ, ਜਦ ਅਮਨ ਦੇ ਰਾਖੇ ਹੀ ਅਮਨ ਦੇ ਦੁਸ਼ਮਣ ਬਣ ਜਾਣ ਤਾਂ ਫਿਰ ਕੀ ਕਰੀਏ ।"

"ਹੌਸਲਾ ਰੱਖੋ, ਹਾਕਮਾਂ ਕੋਲ ਆਪਣੀ ਆਵਾਜ਼ ਪਹੁੰਚਾਓ। ਉਹ ਜ਼ਰੂਰ ਤੁਹਾਡੀ ਮਦਦ ਕਰਨਗੇ ।"

"ਸਾਡੀ ਆਵਾਜ਼ ਕਿਸੇ ਨਹੀਂ ਸੁਣਨੀ ।" ਇਕ ਆਦਮੀ ਵਿਚੋਂ ਬੋਲਿਆ

"ਤਾਂ ਇਹ ਗੱਲ ਹੈ, ਤੁਹਾਡਾ ਹਾਕਮਾਂ ਤੋਂ ਵਿਸ਼ਵਾਸ ਉਠ ਗਿਆ ਹੈ।"

"ਜੀ ਬਿਲਕੁਲ, ਅਸੀਂ ਜ਼ਰੂਰ ਬਦਲਾ ਲਵਾਂਗੇ ।"

ਉਹ ਹੋਰ ਅਗੇ ਵਧਿਆ, ਦਿਨ ਭਰ ਦਾ ਥੱਕਿਆ ਹਾਰਿਆ। ਉਸ ਨੂੰ ਸਖਤ ਭੁੱਖ ਲੱਗੀ ਹੋਈ ਸੀ। ਪੇਟ ਵਿਚ ਕੜਵਲ ਪੈ ਰਹੇ ਸਨ। ਉਸ ਇਕ ਨੁੱਕਰ ਵਿਚ ਇਕ ਆਦਮੀ ਖਲੋਤਾ ਵੇਖਿਆ। ਉਸ ਉਹਦੇ ਕੋਲ ਜਾ ਕੇ ਬੜੀ ਨਿਮਰਤਾ ਨਾਲ ਆਖਿਆ, "ਮੈਨੂੰ ਇਥੇ ਕੁਝ ਖਾਣ ਨੂੰ ਮਿਲੇਗਾ ?"

"ਝੱਲਾ ਹੋ ਗਿਆ ਏਂ। ਸਾਰਾ ਸ਼ਹਿਰ ਸੜ ਰਿਹਾ ਹੈ ਤੂੰ ਕੁਝ ਖਾਣ ਨੂੰ ਭਾਲ ਰਿਹਾ ਏਂ ।"

"ਡਾਢੀ ਭੁੱਖ ਲੱਗੀ ਹੈ ।"

"ਹਾਂ ਇਕ ਤਰਕੀਬ ਤੈਨੂੰ ਦੱਸਦਾ ਹਾਂ। ਨਾਲ ਦੀ ਗਲੀ ਵਿਚ ਇਕ ਢਾਬੇ ਨੂੰ ਅੱਗ ਲਗਾ ਦਿੱਤੀ ਗਈ ਹੈ। ਖਾਣ ਪੀਣ ਦੀਆਂ ਚੀਜ਼ਾਂ ਦਾ ਬਾਹਰ ਢੇਰ ਲੱਗਿਆ ਹੋਇਆ ਈ। ਜਾਹ ਜਾ ਕੇ ਖਾ ਲੈ ।

"ਨਹੀਂ, ਨਹੀਂ, ਉਹ ਚੀਜ਼ਾਂ ਮੈਂ ਨਹੀਂ ਖਾਵਾਂਗਾ ਭਾਵੇਂ ਭੁੱਖਾ ਹੀ ਕਿਉਂ ਨਾ ਮਰ ਜਾਵਾਂ ।"

"ਤੇ ਫਿਰ ਮਰ ਜਾ ਭੁੱਖਾ, ਇਥੇ ਹੋਰ ਕੁਝ ਨਹੀਂ ਉ ਮਿਲਣਾ ।"

ਉਹ ਸਿਰ ਨੀਵਾਂ ਪਾਈ ਅੱਗੇ ਟੁਰ ਗਿਆ। ਉਹਦੀ ਅਜੀਬ ਹਾਲਤ ਸੀ। ਪਸੀਨਾ ਪਸੀਨਾ ਹੋਇਆ ਹੋਇਆ। ਸਾਹ ਤੇਜ਼ ਚਲ ਰਹੇ, ਜਿਵੇਂ ਉਖੜੇ ਹੋਏ ਹੋਣ। ਉਸ ਨੂੰ ਲੱਗ ਰਿਹਾ ਸੀ ਜਿਵੇਂ ਹੁਣੇ ਜ਼ਮੀਨ 'ਤੇ ਡਿਗ ਪਏਗਾ। ਹਾਲੋਂ ਬੇਹਾਲ ਉਹ ਅਗੇ ਟੁਰਦਾ ਗਿਆ । ਸੁੰਨਸਾਨ ਪਈ ਹੋਈ ਸੀ, ਘਰਾਂ ਵਿਚੋਂ ਅੱਗ ਦਾ ਧੂੰਆਂ ਨਿਕਲ ਰਿਹਾ ਸੀ । ਹੁਣ ਬਹੁਤੇ ਲੋਕੀਂ ਘਰਾਂ ਨੂੰ ਪਰਤ ਗਏ ਸਨ। ਲੁੱਟਮਾਰ ਦਾ ਮਾਲ ਆਪਸ ਵਿਚ ਵੰਡਿਆ ਜਾ ਰਿਹਾ ਸੀ। ਹਿਸਾਬ ਲਗਾਇਆ ਜਾ ਰਿਹਾ ਸੀ ਕਿ ਕਿਸ ਨੇ ਕਿਤਨੇ ਲੋਕਾਂ ਨੂੰ ਜਿਉਂਦਾ ਸਾੜਿਆ ਹੈ। ਬੜੀ ਭਿਆਨਕ ਸਥਿਤੀ ਸੀ। ਉਹ ਥੋੜ੍ਹਾ ਹੋਰ ਅੱਗੇ ਵਧਿਆ ਤੇ ਇਕ ਕੋਠੀ ਕੋਲ ਆ ਕੇ ਰੁਕਿਆ। ਕੋਠੀ ਸੜ ਕੇ ਸੁਆਹ ਹੋ ਚੁੱਕੀ ਸੀ ਪਰ ਗੈਰਜ ਦਾ ਕੁਝ ਹਿੱਸਾ ਬਚਿਆ ਹੋਇਆ ਸੀ। ਉਹ ਹੋਰ ਅੱਗੇ ਵਧਿਆ ਤਾਂ ਉਸ ਨੂੰ ਗੈਰਜ ਵਿਚ ਕੁਝ ਲੋਕਾਂ ਦੀਆਂ ਗੱਲਾਂ ਦੀ ਆਵਾਜ਼ ਆਈ ।

"ਕੌਣ ਹੈ, ਇਸ ਵੇਲੇ ਅੰਦਰ ਆ ਜਾਉ ।"

ਉਹ ਅੰਦਰ ਚਲਾ ਗਿਆ, ਚਾਰ ਪੰਜ ਬੰਦੇ ਬੜੀ ਸੰਜੀਦਗੀ ਨਾਲ ਗੱਲਬਾਤ ਕਰ ਰਹੇ ਸਨ ।

"ਤੂੰ ਕੌਣ ਹੈਂ ?" ਇਕ ਆਦਮੀ ਨੇ ਉਸ ਨੂੰ ਪੁੱਛਿਆ ।

"ਮੈਂ ਭਟਕ ਰਿਹਾ ਹਾਂ। ਮੈਨੂੰ ਕੋਈ ਮੰਜ਼ਲ ਦਿਖਾਈ ਨਹੀਂ ਦਿੰਦੀ। ਰੌਸ਼ਨੀ ਅਲੋਪ ਹੋ ਗਈ ਹੈ ।"

"ਔਹ ਫੜ ਪਹਿਲਾਂ ਤੂੰ ਘੁੱਟ ਚਾਹ ਪੀ ਲੈ ।"

"ਮੈਨੂੰ ਭੁੱਖ ਬਹੁਤ ਲੱਗੀ ਹੈ ।"

"ਅਸੀਂ ਤੈਨੂੰ ਖਾਣਾ ਵੀ ਖਵਾਵਾਂਗੇ ਤੇਰਾ ਨਾਂ ਕੀ ਹੈ ?"

"ਮਨਿੰਦਰ, ਤੁਸੀਂ ਵੀ ਆਪਣਾ ਪ੍ਰੀਚੇ ਦਿਉ ।"

"ਇਹ ਸਰਦਾਰ ਗੋਬਿੰਦ ਸਿੰਘ ਹੈ, ਇਹ ਬਾਬੂ ਰਾਮ ਕ੍ਰਿਸ਼ਨ ਹੈ, ਇਹ ਸ਼ੇਖ ਦੀਨ ਮੁਹੰਮਦ ਹੈ ਤੇ ਇਹ ਜੋਨ ਮਸੀਹ ਹੈ।" ਇਕ ਆਦਮੀ ਨੇ ਸਾਰਿਆਂ ਦਾ ਪ੍ਰੀਚੇ ਕਰਾਇਆ ।

"ਕਿਤਨੇ ਵਧੀਆ ਨਾਂ ਨੇ, ਪਰ ਤੁਸੀਂ ਇਥੇ ਕੀ ਕਰ ਰਹੇ ਹੋ ? ਸਾਰਾ ਸ਼ਹਿਰ ਸੜ ਰਿਹਾ ਹੈ, ਲੋਕ ਕੋਹੇ ਜਾ ਰਹੇ ਨੇ ਤੇ ਤੁਸੀਂ ਇਥੇ ਬੈਠੇ ਕੀ ਸੋਚ ਰਹੇ ਹੋ।"

"ਸਾਨੂੰ ਸਭ ਪਤਾ ਹੈ। ਅਸੀਂ ਖਾਣਾ ਵੀ ਇਕੱਠਿਆਂ ਖਾਵਾਂਗੇ, ਤੈਨੂੰ ਵੀ ਨਾਲ ਰਲਾਵਾਂਗੇ। ਹੁਣ ਤੂੰ ਕੋਈ ਚਿੰਤਾ ਨਾ ਕਰ, ਤੈਨੂੰ ਇਥੇ ਕੋਈ ਕੁਝ ਨਹੀਂ ਆਖਦਾ ।"

"ਪਹਿਲਾਂ ਕੁਝ ਖਾਣ ਨੂੰ ਦਿਓ ।"

ਇਕ ਆਦਮੀ ਨੇ ਉਸ ਨੂੰ ਖਾਣਾ ਪਾ ਕੇ ਦਿੰਦਿਆਂ ਆਖਿਆ, "ਪਹਿਲਾਂ ਤੂੰ ਖਾ ਲੈ ।"

"ਮਿਹਰਬਾਨੀ ।" ਖਾਣਾ ਖਾ ਕੇ ਉਸ ਨੇ ਪੁੱਛਿਆ ।

"ਪਰ ਦੱਸੋ ਤਾਂ ਸਹੀ ਤੁਸੀਂ ਇਥੇ ਕਰ ਕੀ ਰਹੇ ਹੋ ।"

"ਅਸੀਂ ਇਸ ਲੱਗੀ ਅੱਗ ਨੂੰ ਬੁਝਾਣ ਲਈ ਤਰਕੀਬ ਸੋਚ ਰਹੇ ਹਾਂ ।"

"ਕੀ ਨਤੀਜਾ ਕੱਢਿਆ ਜੇ ।"

"ਰਾਜੇ ਸ਼ੀਂਹ ਮੁਕੱਦਮ ਕੁੱਤੇ" ਗੋਬਿੰਦ ਸਿੰਘ ਨੇ ਆਖਿਆ ।

"ਪਰ ਕੋਈ ਇਲਾਜ ?"

"ਅੱਜ ਹਾਕਮ ਬਿਗਾਨੇ ਹੋ ਗਏ ਨੇ, ਸਾਡੀ ਲੜਾਈ ਉਨ੍ਹਾਂ ਹਾਕਮਾਂ ਨਾਲ ਹੈ ਜਿਹੜੇ ਪਰਜਾ ਨੂੰ ਮਰਵਾ ਰਹੇ ਨੇ, ਜਿਹੜੇ ਭਰਾ ਦਾ ਗਲਾ ਭਰਾ ਕੋਲੋਂ ਕਟਵਾ ਰਹੇ ਨੇ ।"

"ਤੁਸੀਂ ਠੀਕ ਹੀ ਆਖਦੇ ਹੋ ।"

"ਸਾਡਾ ਆਪਸ 'ਚ ਕੋਈ ਵੈਰ ਵਿਰੋਧ ਨਹੀਂ। ਹਾਕਮ ਸਭ ਕੁਝ ਕਰਾ ਰਹੇ ਨੇ, ਇਨ੍ਹਾਂ ਖਿਲਾਫ ਲੜਾਈ ਲੜਨੀ ਪਏਗੀ ।"

"ਅੱਛਾ ਖੁਸ਼ ਰਹੋ ਹੁਣ ਮੈਨੂੰ ਸਾਰੀ ਗੱਲ ਦੀ ਸਮਝ ਆ ਗਈ ਹੈ। ਹੁਣ ਮੈਂ ਚਲਦਾ ਹਾਂ, ਸਵੇਰ ਦਾ ਘਰੋਂ ਨਿਕਲਿਆ ਹੋਇਆ ਹਾਂ, ਥੱਕ ਕੇ ਚੂਰ ਹੋ ਗਿਆ ਹਾਂ ਇਜਾਜ਼ਤ ਦਿਓ ।

"ਨਹੀਂ, ਹੁਣ ਤੈਨੂੰ ਅਸੀਂ ਕਿਤੇ ਨਹੀਂ ਜਾਣ ਦਿਆਂਗੇ, ਰਾਤ ਸਾਡੇ ਕੋਲ ਰਹੋ ਸਵੇਰੇ ਵੇਖੀ ਜਾਵੇਗੀ। ਜੇ ਇਹ ਅੱਗ ਬੁਝੀ ਤਾਂ ਅਸੀਂ ਆਪ ਤੈਨੂੰ ਘਰ ਛੱਡ ਆਵਾਂਗੇ ।"

"ਤੁਹਾਡੀ ਬਹੁਤ ਬਹੁਤ ਮਿਹਰਬਾਨੀ, ਮੈਂ ਰਾਤ ਇਥੇ ਨਹੀਂ ਰੁਕ ਸਕਦਾ।" ਆਖ ਕੇ ਉਹ ਗੈਰਜ ਵਿਚੋਂ ਬਾਹਰ ਨਿਕਲ ਆਇਆ, ਘੁੱਪ ਹਨੇਰਾ ਸੀ ਅਤੇ ਬੱਦਲ ਗਰਜ ਰਹੇ ਸਨ, ਆਕਾਸ਼ 'ਤੇ ਬਿਜਲੀ ਲਿਸ਼ਕ ਰਹੀ ਸੀ ਤੇ ਉਹ ਧੀਮੇ ਧੀਮੇ ਕਦਮ ਰੱਖਦਾ ਸੁੱਤੀ ਸੜਕ ਨੂੰ ਜਗਾਂਦਾ ਘਰ ਵੱਲ ਪਰਤ ਰਿਹਾ ਸੀ ।

## ਖਾਲਿਸਤਾਨ ਕਮਾਂਡੋ ਫੋਰਸ ਵਲੋਂ ਲੇਖਕਾਂ ਦੇ ਪ੍ਰਧਾਨ ਨੂੰ ਧਮਕੀ

ਬਿਦਰ (ਕਰਨਾਟਕ) — ਖਾਲਿਸਤਾਨ ਕਮਾਂਡੋ ਫੋਰਸ ਵਲੋਂ ਕਰਨਾਟਕ ਲੇਖਕ ਸੰਘ ਦੇ ਪ੍ਰਧਾਨ ਡਾ: ਸੁਧਾਨੰਦ ਮੂਰਤੀ ਨੂੰ ਇਕ ਚਿੱਠੀ ਰਾਹੀਂ ਕਤਲ ਕਰਨ ਦੀ ਧਮਕੀ ਦਿੱਤੀ ਗਈ ਹੈ। ਲੇਖਕ ਤੇ ਕਲਾਕਾਰ ਗਿਲਡ ਨੇ ਬਿਦਰ ਵਿਚ ਹੋਏ ਦੰਗਿਆਂ ਬਾਰੇ ਇਕ ਰੀਪੋਰਟ ਛਾਪੀ ਸੀ ਜਿਸ ਕਾਰਨ ਖਾਲਿਸਤਾਨ ਕਮਾਂਡੋ ਫੋਰਸ ਵਲੋਂ ਇਹ ਕਤਲ ਦੀ ਧਮਕੀ ਦਿੱਤੀ ਗਈ ਦੱਸੀ ਜਾਂਦੀ ਹੈ।

ਦੱਸਿਆ ਗਿਆ ਹੈ ਕਿ ਲੇਖਕਾਂ ਵਲੋਂ ਕਰਨਾਟਕ ਸਰਕਾਰ ਤੋਂ ਮੰਗ ਕੀਤੀ ਹੈ ਕਿ ਡਾ: ਮੂਰਤੀ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਵੇ। ਇਹ ਵੀ ਕਿਹਾ ਗਿਆ ਹੈ ਕਿ ਜੇ ਖਾਲਿਸਤਾਨ ਕਮਾਂਡੋ ਫੋਰਸ ਨੇ ਅਜਿਹੀ ਗਲਤੀ ਕੀਤੀ ਤਾਂ ਇਸਦੇ ਸਿੱਟੇ ਕਰਨਾਟਕ ਵਿਚ ਬਹੁਤ ਮਾੜੇ ਨਿਕਲਣਗੇ।

# ਨਹਿਰੂ : ਲੇਖਕ ਤੇ ਬੁੱਧੀਜੀਵੀ

(ਇਸ ਵਰ੍ਹੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦੀ ਸੌਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਇਸ ਸਾਲ ਦੇ ਅਰਸੇ ਦੌਰਾਨ ਸ੍ਰੀ ਨਹਿਰੂ ਦੀ ਸਖਸ਼ੀਅਤ ਦੇ ਹਰ ਪੱਖ ਉਤੇ ਰੌਸ਼ਨੀ ਪਾਉਣ ਵਾਲੇ ਲੇਖ ਛਾਪਣ ਦੀ ਸੰਭਾਵਨਾ ਹੈ ਅਸੀਂ ਇਹ ਲੇਖ ਸ੍ਰੀ ਨਹਿਰੂ ਦੇ ਲੇਖਕ ਤੇ ਬੁੱਧੀਜੀਵੀ ਹੋਣ ਬਾਰੇ ਡਾ: ਪੁਸ਼ਪੇਸ਼ ਪੰਤ ਦਾ ਛਾਪ ਰਹੇ ਹਾਂ। ਸ੍ਰੀ ਪੰਤ ਜਵਾਹਰ ਲਾਲ ਯੂਨੀਵਰਸਿਟੀ, ਨਵੀਂ ਦਿੱਲੀ ਵਿਚ ਪ੍ਰੋਫੈਸਰ ਆਫ ਡਿਪਲੋਮੇਸੀ ਹਨ — ਸੰਪ੍ਰਾਦਕੀ ਮੰਡਲ)

ਜਵਾਹਰ ਲਾਲ ਨਹਿਰੂ ਬਹੁਪੱਖੀ ਸ਼ਖਸ਼ੀਅਤ ਸਨ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਉਨ੍ਹਾਂ ਦਾ ਬਹੁਤਾ ਸਮਾਂ ਸਿਆਸੀ ਕਾਰਗੁਜ਼ਾਰੀਆਂ 'ਚ ਬੀਤਣ ਕਾਰਨ ਉਨ੍ਹਾਂ ਦੀ ਬੌਧਿਕਤਾ ਨੂੰ ਪ੍ਰਫੁਲਤ ਹੋਣ ਦਾ ਬਹੁਤ ਘੱਟ ਸਮਾਂ ਮਿਲਿਆ। ਉਨ੍ਹਾਂ ਦੀਆਂ ਦੋ ਪੁਸਤਕਾਂ 'ਸੰਸਾਰ ਇਤਿਹਾਸ ਦੀਆਂ ਝਾਕੀਆਂ' ਤੇ 'ਭਾਰਤ ਦੀ ਖੋਜ' ਅਜਿਹੀਆਂ ਉਦਾਹਰਣਾਂ ਹਨ ਜਿਨ੍ਹਾਂ ਵਿਚ ਇਕ ਇਤਿਹਾਸਕ ਦਸਤਾਵੇਜ਼ਾਂ ਵਾਲੀ ਦੂਰ-ਦ੍ਰਿਸ਼ਟੀ ਹੈ ਅਤੇ ਨਾਲ ਹੀ ਵਿਲੱਖਣ ਸੁਪਨੇ ਦੀ ਸਾਕਾਰਤਾ ਹੈ। ਉਸ ਦੀ ਆਪ-ਬੀਤੀ ਸ਼ਾਇਦ ਅਫਰੀਕੀ-ਏਸ਼ੀਅਨ ਆਜ਼ਾਦੀ ਦੇ ਸੰਘਰਸ਼ ਦੀ ਵਧੀਆ ਜਾਣਕਾਰੀ ਹੈ।

ਜਵਾਹਰ ਲਾਲ ਦੀ ਸ਼ਖਸ਼ੀਅਤ ਦੇ ਕਈ ਪੱਖ ਸਨ — ਸਿਆਸਤ ਕੇਵਲ ਉਨ੍ਹਾਂ ਦੇ ਜੀਵਨ ਦਾ ਇਕੋ ਪੱਖ ਹੀ ਕਿਹਾ ਜਾ ਸਕਦਾ ਹੈ। ਬਹੁਤੇ ਲੋਕ ਉਨ੍ਹਾਂ ਨੂੰ ਵੀਹਵੀਂ ਸਦੀ ਦੇ ਲਿਖਾਰੀਆਂ ਵਿਚੋਂ ਇਕ ਚੰਗਾ ਲੇਖਕ ਮੰਨਦੇ ਹਨ। ਉਨ੍ਹਾਂ ਨੇ ਆਪਣੀ ਕਲਮ ਨੂੰ ਪੇਂਟ ਕਰਨ ਵਾਲੇ ਬੁਰਸ਼ ਦੀ ਤਰ੍ਹਾਂ ਵਰਤਿਆ ਤੇ ਅੰਗਰੇਜ਼ੀ ਭਾਸ਼ਾ ਵਿਚ ਉਹ ਅਜਿਹੇ ਪਿਆਨੋ-ਵਾਦਕ ਸਨ ਕਿ ਸੁਰਾਂ ਵਿਚੋਂ ਨਜ਼ਾਰੇ ਤੇ ਧੁਨੀਆਂ ਪੈਦਾ ਕਰਨ ਦੀ ਸਮਰਥਾ ਰੱਖਦੇ ਸਨ। ਉਨ੍ਹਾਂ ਕੋਲ ਆਪਣੀ ਵਿਲੱਖਣ ਸ਼ੈਲੀ ਸੀ। ਅੱਧੀ ਸਦੀ ਬੀਤ ਜਾਣ ਬਾਅਦ ਵੀ ਉਨ੍ਹਾਂ ਦੇ ਸ਼ਬਦਾਂ ਦੀ ਸ਼ਕਤੀ ਵਿਚ ਲੋਕਾਂ ਨੂੰ ਹਲੂਣ ਦੇਣ ਵਾਲੀ ਕਲਾ ਹੈ। ਨਹਿਰੂ ਕੋਈ ਪੇਸ਼ਾਵਰ ਲੇਖਕ ਨਹੀਂ ਸੀ ਪਰ ਉਸ ਵਿਚ ਸ਼ਬਦਾਂ ਨੂੰ ਕਹਿਣ ਦੀ ਕਲਾ ਪੇਸ਼ਾਵਰਾਂ ਨਾਲੋਂ ਵੀ ਵੱਧ ਸੀ। ਉਹ ਸੂਖਮ ਭਾਵਾਂ ਨੂੰ ਅਭਿਵਿਅਕਤ ਕਰਨ ਵਿਚ ਮਾਹਿਰ ਸੀ। ਉਸ ਦੀ ਮਸਲਿਆਂ ਨਾਲ ਜੁੜਨ ਦੀ ਪੱਕੀ ਧਾਰਨਾ ਅਤੇ ਵਿਸ਼ਾਲ ਵਿਸ਼ਿਆਂ ਪ੍ਰਤੀ ਸੂਖਮ-ਭਾਵੀ ਪਹੁੰਚ ਦੇ ਕਾਰਨ ਹੀ ਉਹ ਆਪਣੇ ਪਾਠਕਾਂ ਵਿਚ ਦਿਲਚਸਪੀ ਤੇ ਉਤੇਜਨਾ ਪੈਦਾ ਕਰ ਸਕਦਾ ਸੀ।

ਨਹਿਰੂ ਦਾ ਜੀਵਨ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਨਾਲ ਜੁੜਿਆ ਹੋਇਆ ਸੀ — ਉਸਦੀ ਜੀਵਨ ਕਹਾਣੀ ਕੌਮ ਦੇ ਇਤਿਹਾਸ ਨਾਲ ਜੁੜੀ ਹੋਈ ਹੈ ਇਹ ਵੀ ਇਕ ਕਾਰਨ ਹੈ ਕਿ ਉਸਦੀਆਂ ਲਿਖਤਾਂ ਵਿਚ ਇਕ ਅਕਹਿ ਦਿਲਚਸਪੀ ਪੈਦਾ ਹੁੰਦੀ ਹੈ। ਤਿੱਖੀ ਬੌਧਿਕਤਾ ਜੋ ਦਿਲੀ-ਭਾਵਾਂ ਨਾਲ ਜੁੜੀ ਹੋਈ ਹੋਵੇ ਉਹ ਜਵਾਹਰ ਲਾਲ ਨਹਿਰੂ ਨੂੰ ਲੇਖਕ ਦੇ ਤੌਰ ਉਤੇ ਹੋਰ ਵੀ ਵਧੀਆ ਲੇਖਕ ਬਨਾਉਣ ਵਿਚ ਸਹਾਈ ਹੋਈ। ਏਸੇ ਕਾਰਨ ਉਹ ਬੁੱਢੇ ਤੇ ਨੌਜਵਾਨ ਦੋਵਾਂ ਤਰ੍ਹਾਂ ਦੇ ਪਾਠਕਾਂ ਦੀ ਦਿਲਚਸਪੀ ਦਾ ਕੇਂਦਰ ਬਣਦਾ ਹੈ। 'ਪਿਤਾ ਦੀਆਂ ਧੀ ਦੇ ਨਾਂ ਚਿੱਠੀਆਂ' ਅਤੇ 'ਸੰਸਾਰ ਇਤਿਹਾਸ ਦੀਆਂ ਝਾਕੀਆਂ' ਦੋਵੇਂ ਉਸ ਨੇ ਆਪਣੀ ਧੀ ਇੰਦਰਾ ਲਈ ਲਿਖੀਆਂ ਸਨ ਕਿਉਂਕਿ ਜਵਾਹਰ ਲਾਲ ਨਹਿਰੂ ਤੇ ਉਸਦੀ ਪਤਨੀ ਕਮਲਾ ਦੇ ਜੇਲ੍ਹ ਜਾਣ ਕਾਰਨ ਇੰਦਰਾ ਦੀ ਵਿਦਿਆ ਅਧੂਰੀ ਰਹਿ ਗਈ ਸੀ। ਜੇਲ੍ਹ ਵਿਚ ਬੈਠਿਆਂ, ਬਿਨਾਂ ਕਿਸੇ ਹਵਾਲੇ ਲਈ ਕਿਤਾਬਾਂ ਦੇ, ਇਹ ਕਿਤਾਬਾਂ ਦਾ ਲਿਖੇ ਜਾਣਾ ਕਿਸੇ ਕਾਰਨ ਦੀ ਦਿਲਚਸਪੀ ਨਹੀਂ ਘਟਾਉਂਦਾ। ਆਪਣੀ ਕਾਲਪਨਿਕ ਸ਼ਕਤੀ ਦੀ ਵਰਤੋਂ ਕਰਕੇ ਉਸ ਨੇ ਕੀਮਤੀ ਖਿਆਲਾਂ ਨੂੰ ਮਨ ਹੀ ਮਨ ਵਿਚ ਦੁਹਰਾਇਆ। ਪਿਤਾ ਨੇ ਕਦੇ ਵੀ ਆਪਣੇ ਖਿਆਲਾਂ ਨੂੰ ਬੇਟੀ ਉਤੇ ਠੋਸਣ ਦੀ ਕੋਸ਼ਿਸ਼ ਨਹੀਂ ਕੀਤੀ। ਸ਼ਾਇਦ ਇਹੀ ਕਾਰਨ ਹੈ ਕਿ ਪੁਸਤਕ ਜ਼ਿਆਦਾ ਰੌਚਿਕ ਹੈ। ਅਸੀਂ ਖੁਸ਼ੀ ਖੁਸ਼ੀ ਗੱਲਬਾਤ ਵਿਚ ਹਿੱਸਾ ਲੈਣ ਦੀ ਕੋਸ਼ਿਸ਼ ਕਰਦੇ ਹਾਂ।

"ਆਜ਼ਾਦੀ ਵੱਲ — ਇਕ ਆਪ-ਬੀਤੀ" ਨੇ ਨਹਿਰੂ ਨੂੰ ਲੇਖਕ ਦੇ ਤੌਰ ਉਤੇ ਸਥਾਪਤ ਕੀਤਾ ਅਤੇ ਅਫਰੀਕਾ ਤੇ ਏਸ਼ੀਆ ਵਿਚ ਆਜ਼ਾਦੀ ਘੁਲਾਟੀਏ ਦਾ ਬਿੰਬ ਉਸਾਰਿਆ। ਇਹ ਇਕ ਖੂਬਸੂਰਤ ਦਸਤਾਵੇਜ਼ ਹੈ ਜਿਸ ਵਿਚ ਹਰ ਘਟਨਾ ਨੂੰ ਬਾਹਰਮੁਖੀ ਰੱਖਿਆ ਗਿਆ ਹੈ। ਇਸ ਵਿਚ ਜ਼ਾਤੀ ਤੇ ਪਬਲਿਕ ਵਿਚਾਰਾਂ ਦਾ ਸੁਮੇਲ ਹੈ। ਇਸ ਵਿਚ ਕੇਵਲ ਬਸਤੀਵਾਦ-ਵਿਰੋਧੀ ਸੰਘਰਸ਼ ਦਾ ਹੀ ਜ਼ਿਕਰ ਨਹੀਂ ਸਗੋਂ ਐਕਸ਼ਨ ਦੀ ਬਲੂ-ਪ੍ਰਿੰਟ ਵੀ ਹੈ। ਦੂਜੀ ਸੰਸਾਰ ਜੰਗ ਦੇ ਸਮੇਂ ਦਾ ਵਾਤਾਵਰਣ ਵਧੀਆ ਢੰਗ ਨਾਲ ਉਲੀਕਿਆ ਮਿਲਦਾ ਹੈ। ਨਹਿਰੂ ਨੇ ਇਕ ਹੋਰ ਸਥਾਪਨਾ ਵੀ ਕੀਤੀ ਕਿ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਨੂੰ ਐਫਰੋ-ਏਸ਼ੀਅਨ ਆਜ਼ਾਦੀ ਨਾਲ ਜੋੜਿਆ।

"ਭਾਰਤ ਦੀ ਖੋਜ" ਇਕ ਹੋਰ ਵਧੀਆ ਪੁਸਤਕ ਹੈ। ਇਸ ਵਿਚ ਭਾਰਤ ਦੇ ਭੂਤ ਦੀ ਵਿਸ਼ਾਲ ਪਿੱਠ-ਭੂਮੀ ਹੈ ਜਿਸ ਵਿਚ ਨਹਿਰੂ ਆਪਣੇ ਨੁਕਤੇ ਉਠਾਉਂਦਾ ਆਪਣੇ ਮਨ ਦੀ ਝਾਤ ਵੀ ਪੁਆਉਂਦਾ ਹੈ। ਉਸ ਦਾ ਮਨ ਵੀ ਕੋਈ ਆਮ ਮਨ ਨਹੀਂ ਹੈ। ਇਸ ਵਿਚ ਰਵਾਇਤੀ ਤੇ ਆਧੁਨਿਕ, ਪੱਛਮੀ ਤੇ ਪੂਰਬੀ ਰੰਗਾਂ ਦਾ ਮਿਸ਼ਰਣ ਹੈ। ਇਹ ਵੀ ਬਹਿਸ ਦਾ ਵਿਸ਼ਾ ਹੋ ਸਕਦਾ ਹੈ ਕਿ ਨਹਿਰੂ ਲੇਖਕ ਦੇ ਤੌਰ ਉਤੇ ਅਚਾਨਕ ਹੀ ਉਭਰ ਆਇਆ — ਕਿਉਂਕਿ ਉਹ ਹਮੇਸ਼ਾਂ ਹੀ ਦਾਰਸ਼ਨਿਕ ਸੋਚਾਂ ਵਿਚ ਖੁੱਭੇ ਰਹਿਣ ਵਾਲਾ ਵਿਅਕਤੀ ਸੀ।

ਫਿਰ ਵੀ ਜਦੋਂ ਅਸੀਂ ਨਹਿਰੂ ਦੀ ਇਕ ਦਾਰਸ਼ਨਿਕ ਦੇ ਤੌਰ ਉਤੇ ਗੱਲ ਕਰਦੇ ਹਾਂ ਤਾਂ ਉਹ ਅਜਿਹਾ ਦਾਰਸ਼ਨਿਕ ਨਹੀਂ ਸੀ ਜੋ ਨਿੱਜੀ ਹਵਾਈ ਕਿਲੇ ਸਰ ਕਰਨਾ ਲੋੜਦਾ ਸੀ। ਨਹਿਰੂ ਲਈ ਦਰਸ਼ਨ ਦੀ ਹੋਂਦ ਐਕਸ਼ਨ ਤੋਂ ਵੱਖਰੀ ਨਹੀਂ



ਸੀ। ਨਹਿਰੂ ਦੀ ਲਿਖਤ ਅਨੁਸਾਰ, "ਬੁਨਿਆਦੀ ਤੌਰ ਉਤੇ ਮੈਨੂੰ ਇਸ ਸੰਸਾਰ ਵਿਚ ਦਿਲਚਸਪੀ ਹੈ, ਇਸ ਜੀਵਨ ਵਿਚ ਦਿਲਚਸਪੀ ਹੈ, ਮੈਨੂੰ ਕਿਸੇ ਹੋਰ ਸੰਸਾਰ ਜਾਂ ਭਵਿਖ ਦੀ ਜ਼ਿੰਦਗੀ ਨਾਲ ਕੋਈ ਦਿਲਚਸਪੀ ਨਹੀਂ। .... ਅਕਸਰ ਜਦੋਂ ਮੈਂ ਇਸ ਸੰਸਾਰ ਉਤੇ ਝਾਤੀ ਮਾਰਦਾ ਹਾਂ ਤਾਂ ਅਣਜਾਣੀਆਂ ਡੂੰਘਾਈਆਂ ਤੇ ਭੇਦਾਂ ਦਾ ਅਹਿਸਾਸ ਮੈਨੂੰ ਹੁੰਦਾ ਹੈ। ਇਨ੍ਹਾਂ ਨੂੰ ਜਾਨਣ ਦੀ ਜਗਿਆਸਾ ਜਨਮ ਲੈਂਦੀ ਹੈ ਮੈਂ ਇਸ ਜੀਵਨ ਨਾਲ ਸੁਰ ਹੋਣਾ ਲੋਚਦਾ ਹਾਂ ਤੇ ਇਸਦੇ ਅਨੁਭਵ ਨੂੰ ਪੂਰੀ ਤਰ੍ਹਾਂ ਮਾਨਣਾਂ ਚਾਹੁੰਦਾ ਹਾਂ। ਪਰ ਇਸ ਨੂੰ ਸਮਝਣ ਦਾ ਇਕੋ ਇਕ ਰਾਹ ਮੈਨੂੰ ਵਿਗਿਆਨ ਦਿਸਦਾ ਹੈ .... ਜੇ ਜ਼ਾਤੀ ਭਾਵਨਾ ਨੂੰ ਨਹੀਂ ਛੱਡਿਆ ਜਾ ਸਕਦਾ ਤਾਂ ਵੀ ਵਿਗਿਆਨਕ ਢੰਗ ਨਾਲ ਹੀ ਜਿਥੋਂ ਤੱਕ ਹੋ ਸਕੇ ਇਸ ਦੀ ਪੂਰਤੀ ਹੋ ਸਕਦੀ ਹੈ। ...."

ਬਹੁਤ ਵਾਰੀ ਨਹਿਰੂ ਉਤੇ ਹੈਮਲਟ-ਵਰਗੀ- ਨਾ ਫੈਸਲਾ ਕਰ ਸਕਣ ਵਾਲੀ ਸਖਸ਼ੀਅਤ ਦਾ ਦੂਸ਼ਨ ਲਾਇਆ ਜਾਂਦਾ ਹੈ। ਇਹ ਗੱਲ ਉਸਦੀਆਂ ਲਿਖਤਾਂ ਸਹੀ ਸਿਧ ਨਹੀਂ ਕਰਦੀਆਂ। ਉਸਨੇ ਮਹਿਸੂਸ ਕੀਤਾ ਕਿ 'ਸਾਨੂੰ ਦੁਨੀਆਂ ਦੇ ਸੰਤਾਪਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੁੱਖ ਨੂੰ ਵੀ ਬਰਦਾਸ਼ਤ ਕਰਨਾ ਪੈਂਦਾ ਹੈ' ਪਰ ਉਸ ਦਾ ਕਹਿਣਾ ਸੀ ਕਿ ਅਮਲ ਬਿਨਾਂ ਇਹ ਦੁੱਖ ਦੂਰ ਨਹੀਂ ਹੋ ਸਕਦੇ।

ਇਹ ਜ਼ਰੂਰੀ ਨਹੀਂ ਕਿ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਕਿ ਨਹਿਰੂ ਪਲੈਟੋ ਦੇ ਆਦਰਸ਼ 'ਫਿਲਾਸਫਰ-ਕਿੰਗ' ਦਾ ਸਮਰੂਪ ਹੋਵੇ। ਇਸ ਨਾਲ ਕੋਈ ਫਾਇਦਾ ਨਹੀਂ ਹੋਵੇਗਾ। ਪਰ ਨਾਲ ਹੀ ਇਹ ਨਹੀਂ ਭੁਲਣਾ ਚਾਹੀਦਾ ਕਿ ਉਸ ਦੇ ਦਾਰਸ਼ਨਿਕ ਸੁਭਾਅ ਅਤੇ ਬੋਲੀ ਦੀ ਸਹਿਜਤਾ ਨੇ ਉਚੀ ਜਮਾਤ ਦੇ ਨੌਜਵਾਨ ਨੂੰ ਇਕ ਲਿਬਰਲ ਬੌਧਿਕ ਮਨੁਖ ਵਿਚ ਤਬਦੀਲ ਕੀਤਾ ਜਿਸ ਨੇ ਵੀਹਵੀਂ ਸਦੀ ਉਤੇ ਆਪਣੀ ਅਮਿੱਟ ਪੈੜ ਛੱਡੀ। ਲਗਪਗ 18 ਸਾਲ ਉਹ ਦੇਸ਼ ਦਾ ਪ੍ਰਧਾਨ ਮੰਤਰੀ ਰਿਹਾ। ਪਰ ਜ਼ਰੂਰੀ ਨਹੀਂ ਕਿ ਆਉਣ ਵਾਲੀਆਂ ਨਸਲਾਂ ਉਸਨੂੰ ਪ੍ਰਧਾਨ ਮੰਤਰੀ ਦੇ ਤੌਰ ਉਤੇ ਜਾਨਣ।

ਵਿਦੇਸ਼ਾਂ ਵਿਚ ਨਹਿਰੂ ਨੂੰ ਬਸਤੀਵਾਦ ਵਿਰੁਧ ਲੜਾਈ ਦੇ ਚਿੰਨ ਵਜੋਂ ਜਾਣਿਆ ਜਾਂਦਾ ਹੈ ਜਿਸਨੇ ਸਾਮਰਾਜ ਨੂੰ ਖਤਮ ਕਰਨ ਦੀ ਜੰਗ ਲੜੀ, ਡਿਕਟੇਟਰਸ਼ਿਪ ਦਾ ਵਿਰੋਧ ਕੀਤਾ ਅਤੇ ਆਪਣੇ ਯਤਨਾਂ ਰਾਹੀਂ ਮਨੁੱਖਤਾ ਨੂੰ ਪ੍ਰਮਾਣੂ ਹਥਿਆਰਾਂ ਦੀ ਜੰਗ ਤੋਂ ਬਚਾਉਣ ਲਈ ਉਦਮ ਕੀਤਾ। ਹਥਿਆਰਾਂ ਦੀ ਮਨਾਹੀ ਹੀ ਤੀਜੀ ਦੁਨੀਆਂ ਦੀ ਤਰੱਕੀ ਦਾ ਰਾਹ ਖੋਲ੍ਹ ਸਕਦੀ ਹੈ, ਇਹ ਉਸਦਾ ਦ੍ਰਿੜ੍ਹ ਵਿਸ਼ਵਾਸ ਸੀ। ਤਰੱਕੀ ਨਾਲ ਹੀ ਸਮਾਜਕ ਇਨਸਾਫ ਸੰਭਵ ਹੈ। ਵਿਅਕਤੀ ਦਾ ਮਾਣ ਇਨਸਾਫ ਵਾਲੇ ਸਮਾਜ ਵਿਚ ਹੀ ਹੋ ਸਕਦਾ ਹੈ। ਜੋ ਕਾਵਿਕ ਸਤਰਾਂ ਉਸਦੇ ਮਰਨ-ਬਿਸਤਰ ਤੋਂ ਮਿਲੀਆਂ ਉਹ ਇਸ ਦੀ ਗਵਾਹੀ ਹਨ ਕਿ ਸੰਸਾਰ ਨੇ ਤੇ ਵਿਅਕਤੀ ਨੇ ਅਜੇ ਕਈ ਕੋਹਾਂ ਦਾ ਸਫਰ ਕਰਨਾ ਹੈ। ਉਸਦਾ ਕਹਿਣਾ ਸੀ ਕਿ ਇਹ ਸਫਰ ਅਜੇ ਬਹੁਤ ਲੰਮਾ ਹੈ ......

# ਜੋਧਪੁਰ ਜੇਲ੍ਹ ਨੇ ਉਸ ਦਾ ਦਿਮਾਗੀ ਸੰਤੁਲਨ ਗਵਾ ਦਿੱਤਾ

ਤਰਨਤਾਰਨ — ਜੋਧਪੁਰ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਏ ਕੈਦੀਆਂ ਨਾਲ ਇੰਟਰਵੀਊ ਕਰਨ ਲਈ ਪੱਤਰਕਾਰਾਂ ਲਈ ਉਨ੍ਹਾਂ ਨੂੰ ਲੱਭਣਾ ਬਹੁਤ ਮੁਸ਼ਕਲ ਨਹੀਂ ਹੈ। ਸ਼ਾਇਦ ਹੀ ਕੋਈ ਪੱਤਰਕਾਰ ਹੋਵੇ ਜਿਸ ਨੂੰ ਜੋਧਪੁਰ ਦੇ ਕੈਦੀ ਨਾਲ ਇੰਟਰਵੀਊ ਕਰਨ ਲਈ ਉਸ ਦੇ ਘਰੋਂ ਲੱਭਣ ਲਈ ਇਕ ਤੋਂ ਵੱਧ ਚੱਕਰ ਮਾਰਨਾ ਪਿਆ ਹੋਵੇ। ਇਕੋ ਵਾਰ ਮਿਲਣ ਦਾ ਇਕੋ ਹੀ ਕਾਰਨ ਹੈ ਕਿ ਉਹ ਹਾਲ ਦੀ ਘੜੀ ਘਰ ਰਹਿਣ ਜੋਗੇ ਹੀ ਰਹਿ ਗਏ ਹਨ। ਕਿਸੇ ਦੀ ਨੌਕਰੀ ਕੱਟੀ ਗਈ, ਕਿਸੇ ਨੂੰ ਮਾਨਸਿਕ ਪਰੇਸ਼ਾਨੀ, ਕਿਸੇ ਦੇ ਪੱਲੇ ਬਿਮਾਰੀ, ਕੋਈ ਗੁਆਚੇ ਅਤੀਤ ਨੂੰ ਭਾਲਦਾ, ਕੋਈ ਮਾਨਸਿਕ ਸੰਤੁਲਨ ਗਵਾਈ ਬੈਠਾ ਅਤੇ ਕਿਸੇ ਨੂੰ ਅਜੇ ਵੀ ਕਿਸੇ ਨਜਾਇਜ਼ ਕੇਸ ਵਿਚ ਫਿਰ ਫਸ ਜਾਣ ਦੀ ਚਿੰਤਾ ਆਦਿ। ਬਹੁਤੇ ਕੈਦੀਆਂ ਨਾਲ ਇੰਟਰਵੀਊ ਕਰਨ ਲਈ ਉਨ੍ਹਾਂ ਦੇ ਦੁਖੜੇ ਅਤੇ ਪਰਿਵਾਰ ਦੇ ਕਿਰਦੇ ਨੈਣਾਂ ਵਿਚੋਂ ਹੰਝੂ ਦੇਖ ਕੇ ਪੱਤਰਕਾਰਾਂ ਨੂੰ ਦਿਲ 'ਤੇ ਪੱਥਰ ਰੱਖਣਾ ਪੈਂਦਾ ਹੈ। ਇਹੋ ਜਿਹੀ ਹੀ ਦੁੱਖ ਭਰੀ ਕਹਾਣੀ ਦਿਲ ਤੇ ਪੱਥਰ ਰੱਖ ਕੇ 50 ਸਾਲਾ ਅਜੀਤ ਸਿੰਘ ਪੁੱਤਰ ਸ਼ਿਗਾਰਾ ਸਿੰਘ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ ਦੀ ਹੈ, ਜੋ ਆਪਣਾ ਮਾਨਸਿਕ ਸੰਤੁਲਨ ਗਵਾ ਕੇ ਸਾਰਾ ਦਿਨ ਰਮਤਿਆਂ ਵਾਂਗ ਤੁਰਿਆ ਫਿਰਦਾ ਹੈ। ਉਸ ਦੇ ਜੇਲ੍ਹ ਵਿਚ ਰਹਿੰਦਿਆਂ ਜੋ ਪਿਛੋਂ ਪਰਿਵਾਰ ਨੇ ਦੁਖੜੇ ਸਹੇ, ਜਦ ਉਹ ਰਿਹਾਅ ਹੋ ਕੇ ਘਰ ਆਇਆ ਤਾਂ ਖੁਸ਼ੀ ਚਿਹਰਿਆਂ 'ਤੇ ਨੱਚੀ ਪਰ ਜਦ ਉਹ ਦਿਮਾਗੀ ਸੰਤੁਲਨ ਗਵਾ ਕੇ ਹੁਣ ਅਵਾਰਾ ਫਿਰਦਾ ਹੈ ਤਾਂ ਪਰਿਵਾਰ ਫਿਰ ਦੁਖਾਂ ਵਿਚ ਪੈ ਗਿਆ ਹੈ।

ਜਦ ਮੈਂ ਉਸ ਦੇ ਘਰ ਦਾ ਟੁੱਟਾ ਜਿਹਾ ਵੱਡਾ ਗੇਟ ਖੜਕਾਇਆ ਤਾਂ ਅਜੀਤ ਸਿੰਘ ਦੇ ਆਉਣ ਤੋਂ ਪਹਿਲਾਂ ਉਸ ਦੇ ਪਰਿਵਾਰ ਦੇ ਤਿੰਨ ਛੋਟੇ ਵੱਡੇ ਜੀਆਂ ਨੇ ਝੀਤਾਂ ਵਿਚੋਂ ਸਰਕਾਰੀ ਕਰਮਚਾਰੀ ਸਮਝ ਕੇ ਦਰਵਾਜ਼ਾ ਖੋਲ੍ਹਿਆ। ਬੜੀ ਇਜ਼ਤ ਨਾਲ ਬੈਠਕ ਵਿਚ ਬਿਠਾਇਆ। ਮੇਰੇ ਰੋਕਣ 'ਤੇ ਵੀ ਜਬਰਨ ਚਾਹ ਪਿਲਾ ਦਿੱਤੀ। ਅਜੀਤ ਸਿੰਘ ਦੀ ਛੋਟੀ ਭਰਜਾਈ ਨੇ ਅਜੀਤ ਸਿੰਘ ਤੋਂ ਸਵਾਲ ਪੁੱਛਣ ਤੋਂ ਪਹਿਲਾਂ ਹੀ ਮੈਨੂੰ ਆਪਣੇ ਘਰੋਗੀ ਦੁੱਖ ਦੱਸਣੇ ਸ਼ੁਰੂ ਕਰ ਦਿੱਤੇ ਕਿ ਸ਼ਾਇਦ ਭਾਈ ਨੌਕਰੀ ਦੇਣ ਦਾ ਸੱਦਾ ਲੈ ਕੇ ਆਇਆ ਹੈ। ਜਦ ਮੈਂ ਪੱਤਰਕਾਰ ਹੋਣ ਬਾਰੇ ਦੱਸਿਆ ਤਾਂ ਸਾਰਿਆਂ ਦੇ ਚਿਹਰੇ ਸੁਰਮਈ ਜਿਹੇ ਹੋ ਗਏ।

ਅਜੀਤ ਸਿੰਘ ਸਾਧੂ ਸੁਭਾਅ ਦਾ ਬੰਦਾ ਹੋਣ ਕਰ ਕੇ ਗੁਰੂ ਘਰ ਦੇ ਦਰਸ਼ਨ ਕਦੇ ਕਦੇ ਵਿਹਲ ਕੱਢ ਕੇ ਕਰ ਲਿਆ ਕਰਦਾ ਸੀ। ਉਹ ਵੀ ਕਈਆਂ ਵਾਂਗ ਗੁਰਦੁਆਰੇ ਮੱਥਾ ਟੇਕਣ ਹੀ ਗਿਆ ਸੀ ਕਿ ਅਚਾਨਕ ਕਰਫੀਊ ਲੱਗਣ ਕਾਰਨ ਅੰਦਰੇ ਘਿਰ ਗਿਆ। ਅਖੀਰ ਜਦ 6 ਜੂਨ ਨੂੰ ਬਾਹਵਾਂ ਖੜ੍ਹੀਆਂ ਕਰ ਕੇ ਬਾਹਰ ਆਇਆ ਤਾਂ ਬਿਨਾਂ ਪੁੱਛਿਆਂ ਕੁੱਟਣਾ ਸ਼ੁਰੂ ਕਰ ਦਿੱਤਾ। ਬਾਹਾਂ ਬੰਨ੍ਹ ਕੇ ਬੱਸਾਂ ਵਿਚ ਬਿਠਾ ਕੇ ਮਿਲਟਰੀ ਕੈਂਪ ਲੈ ਗਏ। ਉਥੋਂ ਭਾਰੀ ਤਸ਼ੱਦਦ ਕਰ ਕੇ ਨਾਭੇ ਜੇਲ੍ਹ ਰੱਖਿਆ। ਉਥੇ ਵੀ ਤਸ਼ੱਦਦ ਤੇ ਤੰਗ-ਪਰੇਸ਼ਾਨ ਕੀਤਾ ਜਾਂਦਾ ਰਿਹਾ। ਫਿਰ ਹਵਾਈ ਜਹਾਜ਼ 'ਤੇ ਬਿਠਾਉਣ ਤੋਂ ਪਹਿਲਾਂ ਸਾਡੇ ਮੂੰਹ 'ਤੇ ਨਕਾਬ ਪਾਇਆ ਗਿਆ, ਹੱਥ ਪਿੱਛੇ ਬੰਨ੍ਹ ਦਿੱਤੇ ਅਤੇ ਜਾ ਕੇ ਜੋਧਪੁਰ ਜੇਲ੍ਹ ਵਿਚ ਬੰਦ ਕਰ ਦਿੱਤੇ।

ਅਜੀਤ ਸਿੰਘ ਨੇ ਦੱਸਿਆ ਕਿ ਜੋਧਪੁਰ ਜੇਲ੍ਹ ਵਿਚ ਸਾਡੇ ਨਾਲ ਪਸ਼ੂਆਂ ਵਾਂਗ ਵਰਤਾਓ ਕੀਤਾ ਗਿਆ। ਉਥੇ ਵੀ ਤਸ਼ੱਦਦ ਹੁੰਦਾ ਰਿਹਾ। ਕਿੰਨਾ ਕਿੰਨਾ ਚਿਰ ਕਈ ਕਈ ਸਵਾਲ ਪੁੱਛਦੇ ਰਹਿੰਦੇ, ਜ਼ਿਆਦਾ ਇਹੋ ਪੁੱਛਦੇ ਕਿ ਤੁਹਾਡਾ ਸੰਤ ਭਿੰਡਰਾਂਵਾਲਿਆਂ ਨਾਲ ਕਦੋਂ ਕੁ ਦਾ ਸੰਬੰਧ ਹੈ। ਖਾਣਾ ਬਹੁਤ ਮਾੜਾ ਸੀ। ਰੋਟੀਆਂ ਕੱਚੀਆਂ-ਪਿਲੀਆਂ, ਕਈ ਵਾਰੀ ਵਿਚ ਸੁੰਡੇ ਹੁੰਦੇ। ਪਾਣੀ ਏਨਾ ਥੋੜ੍ਹਾ ਵਰਤਣ ਲਈ ਸਾਰਾ ਦਿਨ ਦਿੰਦੇ ਕਿ ਉਹ ਸਿਰਫ ਪੀਤਾ ਹੀ ਜਾਂਦਾ ਸੀ, ਇਸ਼ਨਾਨ ਅਤੇ ਕੱਪੜੇ ਨਹੀਂ ਸਨ ਧੋਤੇ ਜਾਂਦੇ।

ਜੇਲ੍ਹ ਅਧਿਕਾਰੀ ਬੜੇ ਰੁੱਖੇ ਪੇਸ਼ ਆਉਂਦੇ, ਕਈ ਸਾਨੂੰ ਸਰਦਾਰ ਸਮਝ ਕੇ ਜਾਣਬੁਝ ਕੇ ਤੰਗ ਕਰਦੇ। ਮੈਨੂੰ ਉਥੇ ਸਦਾ ਘਰ ਦਾ ਫਿਕਰ ਲੱਗਾ ਰਹਿੰਦਾ ਕਿਉਂਕਿ ਸਾਰਾ ਘਰ ਮੇਰੇ ਸਿਰ 'ਤੇ ਚਲਦਾ ਸੀ। ਮੈਂ ਹੀ ਮੁਖੀ ਸਾਂ। ਮੇਰਾ ਇਕ ਛੋਟਾ ਭਰਾ ਮਰ ਚੁੱਕਾ ਸੀ, ਉਸ ਤੋਂ ਛੋਟਾ ਕਮਲਾ, ਸ਼ੈਦਾਈ ਹੈ, ਸਾਰਾ ਦਿਨ ਬਾਹਰ ਹੀ ਤੁਰਿਆ ਫਿਰਦੈ। ਬੱਸ ਇਕ ਚੌਥਾ ਭਾਈ ਤੇ ਮੈਂ ਹੀ ਸਾਂ ਜੋ ਥੋੜ੍ਹੀ ਜ਼ਮੀਨ 'ਤੇ ਗੁਜ਼ਾਰਾ ਤੋਰਦੇ ਸਾਂ। ਮੇਰੇ ਘਰਵਾਲੀ ਵੀ ਮਰ ਚੁਕੀ ਸੀ। ਫਿਰ ਵੀ ਘਰ ਦਾ ਮੁਖੀਆ ਮੈਂ ਹੀ ਸਾਂ। ਜੇਲ੍ਹ ਅੰਦਰ ਇਕ ਹੋਰ ਚਿੰਤਾ ਸੀ ਕਿ ਮੇਰੀ ਧੀ ਜਵਾਨ ਸੀ ਜੋ ਆਪਣੇ ਚਾਚੇ, ਚਾਚੀ, ਕੋਲ ਰਹਿੰਦੀ ਸੀ। ਬੱਸ ਇਹ ਸਭ ਕੁਝ ਸੋਚਣ ਕਰ ਕੇ ਮੇਰੀ ਸੋਚ ਵਧਦੀ ਗਈ। ਜੇਲ੍ਹ ਅੰਦਰ ਹੀ ਵਾਹਿਗੁਰੂ ਵਾਹਿਗੁਰੂ ਕਰਦੇ ਰਹਿਣਾ ਮੇਰੇ ਦਿਮਾਗ ਵਿਚ ਨੁਕਸ ਪੈ ਗਿਆ। ਡਾਕਟਰ ਨਸ਼ੇ ਦੇ ਟੀਕੇ ਲਾ ਜਾਂਦਾ ਤਾਂ ਕੁਝ ਚਿਰ ਠੀਕ ਹੋ ਜਾਂਦਾ, ਨਹੀਂ ਤਾਂ ਫਿਰ ਉਹੋ ਜਿਹਾ। ਮੁਲਾਕਾਤਾਂ ਦੂਰੋਂ ਦੂਰੋਂ ਕਰਾਉਂਦੇ।

ਅਜੀਤ ਸਿੰਘ ਦਿਮਾਗੀ ਤੌਰ 'ਤੇ ਠੀਕ ਨਾ ਹੋਣ ਕਰਕੇ ਭਾਵੇਂ ਮੇਰੇ ਸਵਾਲਾਂ ਦੇ ਠੀਕ ਠੀਕ ਕਈ ਉਤਰ ਨਹੀਂ ਦੇ ਸਕਿਆ ਪਰ ਉਸ ਦੀ ਛੋਟੀ ਭਰਜਾਈ ਨੇ ਇੰਟਰਵੀਊ ਸਮੇਂ ਕਾਫੀ ਮੱਦਦ ਕੀਤੀ ਜਿਸ ਦੇ ਸਿਰ 'ਤੇ ਹੁਣ ਸਾਰਾ ਬੋਝ ਹੈ। ਅਜੀਤ ਸਿੰਘ ਹੁਣ ਸਾਰਾ ਦਿਨ ਰਮਤਿਆਂ ਵਾਂਗ ਘੁੰਮਦਾ ਰਹਿੰਦਾ ਹੈ। ਰੋਟੀ ਵੀ ਘੱਟ ਵੱਧ ਖਾਂਦਾ ਹੈ ਅਤੇ ਦੁੱਧ ਵੀ ਨਹੀਂ ਪੀਂਦਾ। ਚਾਰ ਭਰਾਵਾਂ ਦੀ ਦੋ ਏਕੜ ਜ਼ਮੀਨ ਸੀ, ਉਹ ਵੀ ਇਸ ਦੇ ਜੇਲ੍ਹ ਵਿਚ ਰਹਿਣ ਤੇ ਪਿਛੋਂ ਗਹਿਣੇ ਪੈ ਗਈ ਪਿਛੋਂ ਅਜੀਤ ਸਿੰਘ ਦੀ ਲੜਕੀ ਵੀ ਉਸ ਦੇ ਛੋਟੇ ਭਰਾ ਭਰਜਾਈ ਨੇ ਵਿਆਹ ਦਿੱਤੀ।

ਅਜੀਤ ਸਿੰਘ ਦੀ ਭਰਜਾਈ ਨੇ ਰੋਂਦੀ ਹੋਈ ਨੇ ਦੱਸਿਆ ਕਿ ਸਾਡਾ ਜੇਲ੍ਹ ਜਾਣ ਪਿਛੋਂ ਘਰ ਬਰਬਾਦ ਹੋ ਗਿਆ। ਇਹੋ ਘਰ ਵਿਚ ਸਿਆਣੇ ਸਨ, ਇਹ ਵੀ ਪਾਗਲ ਹੋਈ ਫਿਰਦੇ ਹਨ। ਸਾਡਾ ਗੁਜ਼ਾਰਾ ਮੁਸ਼ਕਲ ਹੋ ਗਿਆ ਹੈ। ਇਹ ਤਾਂ ਹੁਣ ਨੌਕਰੀ ਕਰਨੋਂ ਵੀ ਰਿਹਾ। ਸਰਕਾਰ ਸਾਨੂੰ ਦੋਹਾਂ ਜੀਆਂ ਵਿਚੋਂ ਇਕ ਨੂੰ ਹੀ ਕੋਈ ਮਾੜੀ-ਮੋਟੀ ਨੌਕਰੀ ਦੇ ਦੇਵੇ ਤਾਂ ਸਾਡਾ ਗੁਜ਼ਾਰਾ ਚਲ ਜਾਵੇ। ਮਕਾਨ ਵੀ ਛੱਤਾਂ ਪਾਉਣ ਖੁਣੋਂ ਖਾਲੀ ਖੜ੍ਹੇ ਹਨ।

ਧਰਮ ਸਿੰਘ ਪੰਨੂੰ

# ਪੰਜਾਬ 'ਚ ਪੰਚਾਇਤ ਚੋਣਾਂ 10 ਸਾਲ ਦੇ ਅਰਸੇ ਬਾਅਦ

ਚੰਡੀਗੜ੍ਹ — ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ ਪੰਜਾਬ ਵਿਚ ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਦਸ ਸਾਲ ਦੇ ਅਰਸੇ ਬਾਅਦ ਹੋ ਰਹੀਆਂ ਹਨ। ਇਸ ਤੋਂ ਪਹਿਲਾਂ ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ 1978 ਵਿਚ ਹੋਈਆਂ ਸਨ। ਬੁਲਾਰੇ ਅਨੁਸਾਰ ਇਨ੍ਹਾਂ ਚੋਣਾਂ ਦੇ ਮੁਕੰਮਲ ਹੋਣ ਨਾਲ ਰਾਜ ਵਿਚ ਦਸ ਸਾਲ ਬਾਅਦ ਪੰਚਾਇਤੀ ਰਾਜ ਪ੍ਰਬੰਧ ਪੂਰੀ ਤਰ੍ਹਾਂ ਅਮਲ ਵਿਚ ਆ ਜਾਵੇਗਾ।

# ਕੈਨੇਡੀਅਨ ਜੱਦੀ ਵਾਸੀ ਅਤੇ ਨਸਲੀ ਵਿਤਕਰਾ

**ਗੁਰਨਾਮ ਸਿੰਘ ਸੰਘੇੜਾ**



ਅੱਜ ਨਸਲਵਾਦ, ਨਸਲੀ ਵਿਤਕਰੇ ਅਤੇ ਅਪਾਰਟ-ਹਾਈਡ ਬਾਰੇ ਕਾਫੀ ਚਰਚਾ ਹੈ ਅਤੇ ਇਹਨਾਂ ਸਭ ਨੀਤੀਆਂ ਵਿਚ ਦੱਖਣੀ ਅਫਰੀਕਾ ਦੀ ਝੰਡੀ ਹੈ। ਦੱਖਣੀ ਅਫਰੀਕਾ ਦੀ ਜੱਦੀ ਵਾਸੀਆਂ ਨੂੰ ਹਰ ਪੱਖੋਂ ਥੱਲੇ ਰੱਖਣ ਤੇ ਮਾਰਨ ਦੀਆਂ ਅਪਾਰਟ-ਹਾਈਡ ਨੀਤੀਆਂ ਦੀ ਜਿੰਨੀ ਨਿੰਦਾ ਕੀਤੀ ਜਾਏ ਥੋੜੀ ਹੈ। ਇਹਨਾਂ ਨੂੰ ਭਾਂਜ ਦੇਣੀ ਜ਼ਰੂਰੀ ਹੈ। ਪਰ ਕੈਨੇਡਾ ਦੇ ਜੱਦੀ (ਆਦੀ) ਵਾਸੀਆਂ ਦੇ ਮੁੱਢੋ ਸੁੱਢੋਂ ਖਾਤਮੇ ਅਤੇ ਇਹਨਾਂ ਸੰਬੰਧੀ ਕੈਨੇਡੀਅਨ ਤੇ ਸੂਬਾਈ ਸਰਕਾਰਾਂ ਦੀਆਂ ਨਸਲੀ ਵਿਤਕਰੇ ਵਾਲੀਆਂ ਜ਼ਹਿਰੀ ਨੀਤੀਆਂ ਬਾਰੇ ਬਹੁਤ ਘੱਟ ਦੱਸਿਆ ਜਾਂਦਾ ਹੈ। ਬਾਹਰੀ ਦੁਨੀਆਂ ਤੋਂ ਲਕੋਇਆ ਜਾਂਦਾ ਹੈ। ਉਹਨਾਂ ਨੂੰ ਸ਼ਰਾਬੀ, ਜਾਹਲ, ਦਲਿੱਦਰੀ, ਗੰਦੇ ਅਤੇ ਅਸੱਭਿਆ ਦੱਸਣ ਦੇ ਯਤਨ ਕੀਤੇ ਜਾਂਦੇ ਹਨ। ਹੁਣ ਤਕ ਉਨ੍ਹਾਂ ਦੇ ਬੱਚਿਆਂ ਨੂੰ ਟੇਢੇ ਸਿੱਧੇ ਢੰਗਾਂ ਤੇ ਕਾਨੂੰਨਾਂ ਨਾਲ ਖੋਹ ਕੇ ਐਂਗਲੋ ਸੈਕਸਨ ਬਣਾਉਣ ਦੇ ਯਤਨ ਕੀਤੇ ਜਾਂਦੇ। ਕੈਨੇਡੀਅਨ ਜੱਦੀ ਵਾਸੀਆਂ ਦੀ ਦੁਰਦਸ਼ਾ ਬਾਰੇ ਬਹੁਤ ਘੱਟ ਸਾਹਿਤ ਛਾਪਿਆ ਗਿਆ ਹੈ। ਦੱਖਣੀ ਅਫਰੀਕਾ ਬਾਰੇ ਭੀ ਇਸ ਦਹਾਕੇ ਵਿਚ ਹੀ ਵਿਸ਼ਵ ਪੱਧਰ ਤੇ ਆਈ। ਪਰ ਕੈਨੇਡਾ ਦੇ ਆਦੀ ਵਾਸੀਆਂ ਬਾਰੇ ਅਜੇ ਕੈਨੇਡਾ ਵਿਚ ਭੀ ਪੂਰੀ ਤਰ੍ਹਾਂ ਗੱਲ ਸਾਹਮਣੇ ਨਹੀਂ ਆਈ। ਕੈਨੇਡੀਅਨ ਆਦੀ ਵਾਸੀਆਂ ਨੂੰ ਗੋਰੇ ਸਾਮਰਾਜੀਆਂ ਨੇ ਹੀ ਨਸ਼ੇ ਤੇ ਸ਼ਰਾਬ ਲਾਈ ਹੈ। ਪਹਿਲਾਂ ਤਾਂ ਇਹਨਾਂ ਨੂੰ (300 ਸਾਲ ਪਹਿਲਾਂ) ਇਸ ਬਾਰੇ ਪਤਾ ਹੀ ਨਹੀਂ ਸੀ। ਕੱਪੜਿਆਂ ਰਾਹੀਂ ਇਹਨਾਂ ਵਿਚ ਮਾਰੂ ਜਰਮ ਤੇ ਕਿਰਮ ਫੈਲਾਏ ਤੇ ਬੀਮਾਰੀਆਂ ਲਾਈਆਂ।

ਜੱਜ ਥੋਮਸਰ ਬਰਜਰ ਨੇ ਨਵੰਬਰ 1966 ਵਿਚ ਲਿਖਿਆ ਕਿ ਆਦੀ ਵਾਸੀਆਂ ਨੂੰ ਹਰ ਤਰ੍ਹਾਂ ਨਿੱਸਲ ਤੇ ਨਿਆਸਰੇ ਕੀਤਾ ਗਿਆ ਤੇ "ਬੀ ਸੀ ਦੀ ਚਿੱਟੀ ਕਮਿਉਨਿਟੀ ਅਪਾਰਟ-ਹਾਈਡ ਦੀ ਨੀਤੀ ਧਾਰਨ ਕੀਤੀ", ਗੋਰਿਆਂ ਨੇ ਇਹਨਾਂ ਦੀ ਜ਼ਮੀਨ ਖੋਹ ਲਈ। ਆਦੀ ਵਾਸੀਆਂ ਨੂੰ ਧੱਕ ਧੱਕ ਕੇ ਛੋਟੇ ਛੋਟੇ ਥਾਵਾਂ ਤੇ ਇਕੱਠ ਕਰ ਦਿਤਾ ਤੇ ਇਹਾਤਿਆਂ ਵਿਚ ਜਮ੍ਹਾਂ ਕਰ ਦਿੱਤਾ। ਇਹ ਸਭ ਨੀਤੀਆਂ ਵਿਤਕਰੇ, ਨਸਲਵਾਦ ਅਤੇ ਬੇ-ਇਨਸਾਫੀ ਦਾ ਚਿੰਨ ਹੈ। ਆਦੀ ਵਾਸੀ ਆਪਣੀ ਖੋਹੀ ਜ਼ਮੀਨ ਅਤੇ ਆਪਣੀ ਹੋਂਦ ਬਾਰੇ ਮੀਟਿੰਗਾਂ, ਪ੍ਰੋਟਿਸਟਾਂ ਰਾਹੀਂ ਕੈਨੇਡੀਅਨ ਅਪਰਾਧੀ ਨੀਤੀ ਬਾਰੇ ਪ੍ਰਗਟਾਵਾ ਕਰ ਰਹੇ ਹਨ। ਹੌਲੀ ਹੌਲੀ ਗੱਲ ਲੋਕਾਂ ਵਿਚ ਆ ਰਹੀ ਹੈ।

ਕੈਨੇਡਾ ਵਿਚ ਚਿੱਟੀ ਇਮੀਗਰੇਸ਼ਨ ਲਈ ਆਦੀ ਵਾਸੀਆਂ ਨੂੰ ਸਾਮਰਾਜੀ, ਹਿੜੂ ਕਾਨੂੰਨਾਂ, ਹਥਿਆਰਾਂ ਦੀ ਮੱਦਦ ਨਾਲ ਆਰਥਿਕ, ਸਮਾਜਕ, ਭੂਗੋਲਿਕ ਅਤੇ ਸਿਆਸੀ ਤੌਰ ਤੇ ਪਿਛਾੜ ਦਿੱਤਾ। ਨਿਊ ਫਾਉਂਡਲੈਂਡ ਦੇ ਸੂਬੇ ਵਿਚ "ਕਿਊਬਕ" ਆਦੀ ਵਾਸੀਆਂ ਦਾ 1829 ਤਕ ਖੁਰਾ ਖੋਜ ਮਿਟਾ ਦਿੱਤਾ। ਆਦੀ ਵਾਸੀਆਂ ਨੂੰ ਅਠਾਰਵੀਂ ਸਦੀ ਦੇ ਆਖਰੀ ਹਿੱਸੇ ਵਿਚ ਰੀਜ਼ਰਵਾਂ ਤੇ ਬੰਦ ਕਰ ਦਿੱਤਾ। ਉਹਨਾਂ ਤੋਂ ਸਭ ਕੁਝ ਖੋਹ ਲਿਆ ਸਿਆਸੀ ਆਵਾਜ਼ ਖਤਮ ਕਰ ਦਿੱਤੀ। ਆਦੀ ਵਾਸੀਆਂ ਤੋਂ ਜ਼ਮੀਨ ਖੋਹ ਕੇ ਐਂਗਲੋ ਸੈਕਸਨਾਂ ਨੂੰ ਦਿੱਤੀ ਗਈ ਦੱਖਣੀ ਅਫਰੀਕਾ ਤੇ ਕੈਨੇਡਾ ਦੇ ਰੀਜ਼ਰਵਾਂ ਸੰਬੰਧੀ ਕੁਝ ਸਾਂਝੀਆਂ ਗੱਲਾਂ ਭੀ ਹਨ ਜਿਵੇਂ : ਰੀਜ਼ਰਵਾਂ ਦੇ ਪ੍ਰੋਗਰਾਮ ਚਿੱਟੀ ਅਫਸਰਸ਼ਾਹੀ, ਦਫਤਰਸ਼ਾਹੀ ਦੇ ਕੰਟਰੋਲ ਵਿਚ ਹਨ, (2) ਜੱਦੀ ਵਾਸੀਆਂ ਦੀ ਕੌਮ ਪ੍ਰਸਤੀ ਅਤੇ ਚੇਤਨਤਾ ਨੂੰ ਦਬਾਇਆ ਜਾਂਦਾ ਹੈ (3) ਕਾਨੂੰਨ ਰਾਹੀਂ ਰੀਜ਼ਰਵਾਂ ਨੂੰ ਜੁਦੇ ਕੀਤਾ ਹੋਇਆ ਹੈ (4) ਰੀਜ਼ਰਵ ਸਿਰਫ ਆਦੀ ਵਾਸੀਆਂ ਲਈ ਸਥਾਪਤ ਹਨ (5) ਰੀਜ਼ਰਵਾਂ ਨੂੰ ਕੌਂਸਲ ਜਾਂ ਸਰਦਾਰਾਂ (ਚੀਫ) ਰਾਹੀਂ ਟੇਢੇ ਢੰਗ ਨਾਲ ਤੇ ਸਿੱਧੇ ਨਾਲ ਹਕੂਮਤ ਅਧੀਨ ਹੈ (6) ਅਤੇ ਨਸਲੀ ਵਖਰੇਵਾਂ ਸਮਾਜਿਕ ਤੇ ਸਭਿਆਚਾਰਕ ਅਦਾਰਿਆਂ ਰਾਹੀਂ ਕੀਤਾ ਜਾਂਦਾ ਹੈ।

ਐਂਗਲੋ ਸੈਕਸਨਾਂ ਨੇ ਕੈਨੇਡਾ ਉਪਰ ਕਾਬਜ਼ ਹੋਣ ਤੋਂ ਹੀ ਨਸਲਵਾਦੀ ਇਤਿਹਾਸ ਹੈ। ਇਥੋਂ ਤਕ ਕਿ ਅਖੌਤੀ ਆਜ਼ਾਦ-ਜੁਡੀਸ਼ਰੀ ਦਾ ਭੀ ਇਹੋ ਇਤਿਹਾਸ ਰਿਹਾ ਹੈ। ਜਿਵੇਂ 1914 ਵਿਚ ਜੱਜ ਮੈਕਫਿਲਿਪਸ ਨੇ ਹਿੰਦੂ ਧਰਮ ਨੂੰ ਹਿੰਦੂ ਨਸਲ ਅਤੇ ਏਸ਼ੀਅਨ ਨਸਲ ਤੇ ਹਿੰਦੂ ਧਰਮ ਨੂੰ ਏਸ਼ੀਆਈ ਨਸਲ ਗਰਦਾਨ ਕੇ ਪਾਬੰਦੀਆਂ ਲਾਈਆਂ। ਕੈਨੇਡੀਅਨ ਸਰਕਾਰ ਨੇ ਤਾਂ ਵਿਤਕਰਾ ਅਤੇ ਨਸਲੀ ਤੌਰ ਤੇ ਜੁਦੇ ਜਾਂ ਐਂਗਲੋ ਸੈਕਸਨਾਂ ਵਿਚ ਹਜ਼ਮ ਕਰਨ ਲਈ ਆਦੀ ਵਾਸੀਆਂ ਦੀ ਕਾਨੂੰਨੀ ਤੌਰ ਤੇ ਵਿਆਖਿਆ ਕੀਤੀ ਗਈ। ਇੰਡੀਅਨ ਐਕਟ ਰਾਹੀਂ ਪ੍ਰੀਭਾਸ਼ਾ ਬਣਾਈ ਕਿ "ਇੰਡੀਅਨ" (ਆਦੀ ਵਾਸੀ) ਕੌਣ ਹੈ ਤੇ ਕੌਣ ਨਹੀਂ। ਇਹ ਦੱਸਣਾ ਕਿ ਆਦੀ ਵਾਸੀ ਕੌਣ ਹੈ, ਆਪਣੇ ਆਪ ਵਿਚ ਵਿਤਕਰੇ ਭਰੀ ਗੱਲ ਹੈ। ਇਹਨਾਂ ਨਸਲਵਾਦੀ ਸਾਮਰਾਜੀ ਗੋਰਿਆਂ ਨੇ ਇਹ ਕਦੇ ਭੀ ਕਾਨੂੰਨੀ ਤੌਰ ਤੇ ਲਿਖਣ ਦੀ ਨਹੀਂ ਸੋਚੀ ਕਿ ਅੰਗਰੇਜ਼ ਕੌਣ ਹੈ ਜਾਂ ਫਰਾਂਸੀਸੀ ਨਸਲ ਕੌਣ ਹੈ। ਕੀ ਆਪਣੀ ਨਸਲ ਜਾਨਣ ਲਈ ਭੀ ਪਾਰਲੀਮੈਂਟ ਜਾਂ ਅਸੰਬਲੀ ਵਲੋਂ ਕਾਨੂੰਨ ਚਾਹੀਦੇ ਹਨ ? ਇਹਨਾਂ ਲਈ ਕੇਂਦਰ ਵਿਚ ਰਜਿਟਰਾਰ ਹੈ ਜੋ ਦਸਦਾ ਹੈ ਕਿ ਇੰਡੀਅਨ (ਆਦੀਵਾਸੀ) ਕੌਣ ਹੈ ਅਤੇ ਕਾਨੂੰਨੀ ਤੌਰ ਤੇ ਉਸਦਾ ਫੈਸਲਾ ਫਾਈਨਲ ਤੇ ਫੈਸਲਾਕੁਨ ਹੈ। ਇਹਨਾਂ ਦੇ ਵਿਰੁਧ ਕਈ ਮਨਘੜਤ ਤੇ ਮਿਥਹਾਸਕ ਕਹਾਣੀਆਂ ਘੜੀਆਂ ਹੋਈਆਂ ਹਨ। ਇਹਨਾਂ ਦਾ ਮਖੌਲ ਉਡਾਇਆ ਜਾਂਦਾ ਹੈ। ਇਸ ਚੱਕਰ ਵਿਚ ਫਸਾਏ ਹੋਏ ਹਨ ਕਿ ਉਸ ਹੀਣਤਾ ਪੈਦਾ ਕਰਨ ਵਾਲੇ ਮਾਹੌਲ ਵਿਚੋਂ ਨਿਕਲ ਨਾ ਸਕਣ। ਸਭਿਆਚਾਰ ਤੇ ਬਹੁ-ਸਭਿਆਚਾਰ ਤੇ ਨਾਮ ਉਪਰ ਸਿਆਸੀ, ਆਰਥਕ ਅਤੇ ਸਮਾਜੀ ਅਨਿਆਂ, ਅਤਿਆਚਾਰ ਤੇ ਮਸਲਿਆਂ ਨੂੰ ਜਾਣ ਕੇ ਅੱਖੋਂ ਉਹਲੇ ਕੀਤਾ ਜਾਂਦਾ ਹੈ। ਇਵੇਂ ਹੀ ਦੂਜੀਆਂ ਘੱਟ ਗਿਣਤੀਆਂ ਨਾਲ ਕੀਤਾ ਜਾਂਦਾ ਹੈ। ਕਈ ਵਾਰ ਨਾਮ-ਮਾਤਰ ਬਹੁ-ਸਭਿਆਚਾਰ ਦੇ ਨਾਮ ਉਪਰ ਘੱਟ ਗਿਣਤੀਆਂ ਨੂੰ ਦੂਜੇ ਤੀਜੇ ਨੰਬਰ ਦੀਆਂ ਸੇਵਾਵਾਂ ਮਿਲਦੀਆਂ ਹਨ ਅਤੇ ਮੇਨ-ਧਾਰਾਂ ਤੋਂ ਪਰ੍ਹੇ ਰੱਖ ਕੇ ਵਿਤਕਰੇ ਨੂੰ ਪੱਕਾ ਕਰਨ ਦੀ ਗੱਲ ਤੋਂ ਗੁਜ਼ਰਦੀ ਹੈ। ਬਹੁ-ਸਭਿਆਚਾਰ ਨੂੰ ਨਾ-ਬਰਾਬਰੀ, ਵਿਤਕਰਾ, ਜਬਰ ਤੇ ਜ਼ੁਲਮ ਖਤਮ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ ਪਰ ਹੋਇਆ ਨਹੀਂ ਤੇ ਨਾ ਹੀ ਹੋਣਾ ਹੈ।

ਬੀ. ਸੀ. ਅਤਿ ਪਿਛੇ ਖਿਚੂ ਸਰਕਾਰ ਤਾਂ ਜੱਦੀ ਵਾਸੀਆਂ ਦੇ ਮਸਲਿਆਂ ਤੇ ਜ਼ਮੀਨ ਬਾਰੇ ਗਲ ਕਰਨ ਨੂੰ ਹੀ ਤਿਆਰ ਨਹੀਂ। ਗੱਲ ਕਾਨੂੰਨ ਤੇ ਇਨਸਾਫ ਦੀ ਕਰਦੇ ਹਨ ਪਰ ਜੱਦੀ ਲੋਕਾਂ ਤੋਂ ਧੱਕੇ ਨਾਲ ਖੋਹੀ ਹੋਈ ਜ਼ਮੀਨ ਦਾ ਇਵਜ਼ਾਨਾ ਭੀ ਦੇਣ ਲਈ ਤਿਆਰ ਨਹੀਂ। ਹਾਕਮ ਜਮਾਤ ਦੇ ਕਾਨੂੰਨ ਭੀ ਉਸ ਦੇ ਆਪਣੇ ਹਿੱਤਾਂ ਲਈ ਹੁੰਦੇ ਹਨ। ਲੋਟੂਆਂ ਦੇ ਆਪਣੇ ਆਰਥਕ ਤੇ ਰਾਜਨੀਤਕ ਹਿਤ ਲੁਕੇ ਹੁੰਦੇ ਹਨ। ਵੈਨਕੂਵਰ ਦੇ ਕਿਟਸ-ਲਾਨੋ ਇਲਾਕੇ ਵਿਚ "ਸੈਲਿਸ਼" ਜੱਦੀ ਵਾਸੀਆਂ ਨੂੰ ਵਰਗਲਾ ਕੇ ਕੱਢਿਆ, "ਸੌਂਗੀਜ਼" ਆਦੀ ਵਾਸੀਆਂ ਨੂੰ ਵਿਕਟੋਰੀਆ ਵਿਚ ਵਰਗਲਾ ਕੇ ਦੂਜੇ ਇਲਾਕੇ ਵਿਚ ਲਿਜਾਇਆ ਗਿਆ। ਇਸ ਹੀ ਤਰ੍ਹਾਂ ਫੋਰਟ ਸੇਂਟ ਜੇਮਜ਼, ਵਿਲਸਟਨ ਲੁਕੇ ਅਤੇ ਵੈਨਕੂਵਰ ਆਈਲੈਂਡ ਥਾਵਾਂ ਤੋਂ ਆਦੀ ਵਾਸੀਆਂ ਨੂੰ ਉਜਾੜਿਆ ਗਿਆ। ਵੈਨਕੂਵਰ ਦੇ "ਹਾਇਡਾ" ਜੇਮਜ਼ ਬੇਅ ਦੇ "ਕਰੀ" ਅਤੇ ਸਸਕੈਚਵਿਨ ਦੇ "ਮੈਟਿਸ" ਆਦਿ ਨੂੰ ਬਾਕੀ ਸੂਬਿਆਂ ਦੇ ਆਦੀ ਵਾਸੀਆਂ ਵਾਂਗ ਲੁੱਟਿਆਂ, ਪੁੱਟਿਆ ਤੇ ਉਜਾੜਿਆ ਤਾਕਿ ਉਹ ਜ਼ਮੀਨ ਤੇ ਉਸ ਸਾਧਨਾ ਤੇ ਉਸ ਵਿਚਲੇ ਕੱਚੇ ਮਾਲ ਨੂੰ ਧਨੀਆਂ ਦੇ ਹੋਰ ਵਾਧੇ ਤੇ ਮੁਨਾਫੇ ਲਈ ਵਰਤਿਆ ਜਾ ਸਕੇ। ਮੀਡੀਆ ਭੀ ਵਿਤਕਰੇ ਵਿਰੁਧ ਠੋਸ ਤੌਰ ਤੇ ਨਹੀਂ ਖੜ੍ਹਿਆ। ਬੀ ਸੀ ਪ੍ਰੈਸ ਕੌਂਸਲ ਨੇ ਭੀ ਉਜਾਂ ਤੇ ਟੇਡੇ ਢੰਗ ਦੀਆਂ ਨਸਲਵਾਦੀ ਖਬਰਾਂ ਵਿਰੁਧ ਡਟਵਾਂ ਸਟੈਂਡ ਨਹੀਂ ਲਿਆ ਜਾਪਦਾ।

ਫੈਡਰਲ ਤੇ ਸੂਬਾਈ ਸਰਕਾਰਾਂ ਦੀਆਂ ਨੀਤੀਆਂ ਨੇ ਆਦੀ ਵਾਸੀਆਂ ਦਾ ਨੁਕਸਾਨ ਕੀਤਾ ਹੈ। ਹਾਂ ਪੱਖ ਐਕਸ਼ਨ ਜਾਂ ਬਰਾਬਰੀ ਵਾਲੇ ਪ੍ਰੋਗਰਾਮਾਂ ਨੇ ਭੀ ਆਦੀ ਵਾਸੀਆਂ ਦਾ ਕੁਝ ਨਹੀਂ ਸੰਵਾਰਿਆ ਵਿਦਿਆ ਦੇ ਸੰਬੰਧ ਵਿਚ ਭੀ, ਉਨ੍ਹਾਂ ਲਈ ਕੁਝ ਨਹੀਂ ਕੀਤਾ। ਜ਼ਮੀਨਾਂ ਦੇ ਮਸਲੇ ਤੇ ਭੀ ਉਨ੍ਹਾਂ ਦੀ ਸਦੀਆਂ ਪੁਰਾਣੀ ਵਿਰਾਸਤ ਤੇ ਮਲਕੀਅਤ ਨੂੰ ਠੁਕਰਾਇਆ ਗਿਆ। ਇਹਨਾਂ ਦੀ ਆਮਦਨ ਆਮ ਲੋਕਾਂ ਦੀ ਦੋ ਤਿਹਾਈ ਤੇ ਘੱਟ ਹੈ। ਇਹਨਾਂ ਵਿਚ ਆਤਮ ਹੱਤਿਆ ਛੇ ਗੁਣਾਂ ਵੱਧ ਹੈ। ਆਦੀ ਵਾਸੀਆਂ ਦੇ ਸੱਤਰ ਫੀ ਸਦੀ ਨੌਜੁਆਨਾਂ ਨੂੰ ਤਾਂ 25 ਸਾਲ ਦੀ ਉਮਰ ਵਿਚ ਹੀ ਜੇਲ੍ਹ ਵਿਚ ਸੁਟਿਆ ਜਾਂਦਾ ਹੈ। ਰੀਜ਼ਰਵਾਂ ਤੇ ਰਹਿਣ ਵਾਲੇ ਆਦੀ ਵਾਸੀਆਂ ਦੇ 60 ਫੀਸਦੀ ਹਿੱਸੇ ਨੂੰ ਵੈਲਫੇਅਰ ਤੇ ਰਹਿਣ ਲਈ ਮਜ਼ਬੂਰ ਕੀਤਾ ਹੋਇਆ ਹੈ ਕਿਉਂਕਿ ਮੁੱਢ ਤੋਂ ਹੀ ਸਰਕਾਰ ਨੇ ਮਾੜੇ ਹਾਲਾਤ ਪੈਦਾ ਕੀਤੇ ਹੋਏ ਹਨ। ਪੜ੍ਹਾਈ, ਹੁਨਰ, ਟਰੇਨਿੰਗ ਅਤੇ ਕੰਮ ਦੀਆਂ ਕੋਈ ਖਾਸ ਸਹੂਲਤਾਂ ਨਹੀਂ। ਗਰੀਬੀ ਦੇ ਕਾਰਨ ਮਕਾਨਾਂ ਦੀ ਹਾਲਤ ਬਹੁਤ ਮਾੜੀ ਹੈ। ਬੀਮਾਰੀਆਂ ਦਾ ਸ਼ਿਕਾਰ ਹਨ। ਇਨ੍ਹਾਂ ਵਿਚ ਛੋਟੀ ਉਮਰ ਵਿਚ ਮੌਤਾਂ ਅਤੇ ਆਰਥਕਤਾ ਆਦਿ ਦੇ ਲੰਮੇ ਮਸਲੇ ਹਨ। ਇਹਨਾਂ ਨੂੰ ਆਪਣੀ ਹੋਣੀ ਜਾਂ ਜੀਵਨ ਘੜਨ ਦਾ ਭੀ ਹੱਕ ਨਹੀਂ।

ਆਦੀ ਵਾਸੀਆਂ ਦੀ ਹਾਲਤ ਬਾਰੇ ਅਸਲੀ ਤੱਥ ਸਾਹਮਣੇ ਆਉਣੇ ਚਾਹੀਦੇ ਹਨ ਅਤੇ ਸਰਕਾਰ ਦੀ ਮਾਰੂ ਨੀਤੀ ਨੰਗੀ ਹੋਣੀ ਜ਼ਰੂਰੀ ਹੈ ਤਾਂ ਕਿ ਆਦੀ ਵਾਸੀਆਂ ਦੇ ਹੱਕਾਂ ਲਈ ਜਾਗਰਤਾ ਪੈਦਾ ਹੋਵੇ ਅਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇ।

# ਮੀਰੀ ਜਾਂ ਪੀਰੀ ?

ਅੱਜ ਚਿੱਟੇ ਦਿਣ
'ਮਹਾਂ ਸਿੰਘ' ਆਇਆ
ਲੱਖਾ ਸਿੰਘ ਦੇ ਸ਼ਰੀਕ ਗੋਬਿੰਦ ਸਿੰਘ ਨੂੰ ਸੋਧਣ ਲਈ।
ਉਸ ਪਿੰਡ ਵੜਦੇ ਨੇ ਬੱਕਰਾ ਬੁਲਾਇਆ,
ਪਿੰਡ ਨਿਪੁੰਸਕਤਾ ਦੀ ਮੂਰਤ,
ਸੁਸਰੀ ਵਾਂਗ ਸੌਂ ਗਿਆ !
ਗਿੱਦੜਪਿੰਡੀ 'ਤੇ ਛਾਈ ਚੁਪ ਤੇ ਦਹਿਸ਼ਤ
ਸ਼ਮਸ਼ਾਨਾਂ ਨੂੰ ਸ਼ਰਮਸਾਰ ਕਰਦੀ ਸੀ !

.............

ਗੋਲੀ ਚੱਲੀ,
ਮਿਆਨ 'ਚੋਂ ਤਲਵਾਰ ਨਿਕਲੀ,
ਗੁਜਰੀ ਢੇਰੀ ਹੋ ਗਈ,
ਗੋਬਿੰਦ ਸਿੰਘ ਦਾ ਸਿਰ ਕਲਮ ਕੀਤਾ ਗਿਆ,
ਸਾਹਿਬ ਕੌਰ ਨੇ ਪਾਣੀ ਨਾ ਮੰਗਿਆ,
ਵਿਹੜੇ 'ਚ ਬੈਠੇ ਨੰਦ ਲਾਲ, ਜੋਗਾ ਸਿੰਘ ਤੇ ਮੀਆਂਮੀਰ
ਭੁੰਨ ਦਿਤੇ ਗਏ।
ਗੋਬਿੰਦ ਸਿੰਘ ਦੇ ਦੋ ਪੁੱਤਰ ਲੜ ਮਰੇ,
(ਜਿਵੇਂ ਘੁੱਗੀ ਦੇ ਬੋਟ ਕਾਂ ਨੂੰ ਪੈ ਗਏ ਹੋਣ)
ਤੇ ਰਹਿੰਦੇ ਦੋ ਵੀ,
ਮਹਾਂ ਸਿੰਘ ਦੇ ਕਹਿਰ ਦੀ ਕੰਧ ਥਲੇ ਆ ਗਏ।
ਸਾਹਿਬ ਕੌਰ ਦੀ ਦੋ ਕੁ ਸਾਲਾਂ ਦੀ ਪੰਜਫੁਲਾਂ ਰਾਣੀ ਭਾਗੋ
ਤਲਵਾਰ ਦੀ ਨੋਕ ਤੇ ਟੰਗ ਦਿੱਤੀ ਗਈ।

............

ਰਾਮ-ਰਾਜ ਦੀ ਪੁਲਿਸ ਬਹੁਤ ਮਸਰੂਫ ਸੀ
ਪੁਲਿਸ-ਮੁਕਾਬਲਿਆਂ ਦੇ ਰੋਜ਼ਨਾਮਚੇ ਦਰਜ ਕਰਨ ਵਿਚ
ਜਾਂ ਜਗੀਰਦਾਰ ਦੌਲਤ ਰਾਮ ਦੇ ਮਜ਼ਦੂਰਾਂ ਨੂੰ ਸੋਧਣ ਵਿਚ
ਜਾਂ ਵਿਦਿਆਰਥੀਆਂ ਤੇ ਪਵਿਤ੍ਰ ਪਾਪੀਆਂ ਦੀ ਗਿੱਦੜ ਕੁਟ ਕਰਨ ਵਿਚ
ਬਹਾਦਰ ਪੁਲਿਸ ਇਕ ਮੀਲ ਤੋਂ 35 ਦਿਨਾਂ ਵਿਚ ਗਿੱਦੜਪਿੰਡੀ ਪੁੱਜੀ।

............

ਕਾਰਜ ਪੂਰੇ ਕਰਕੇ ਮਹਾਂ ਸਿੰਘ ਹਰਨ ਹੋ ਗਿਆ।
ਪੰਚਾਇਤ-ਘਰ ਦਾ ਬੋੜ੍ਹ ਮਈ ਮਹੀਨੇ ਰੋਡਾ ਹੋ ਗਿਆ।
ਹਰੇ ਕਚੂਰ ਪੱਤੇ ਹਵਾ ਹੋ ਗਏ।

...........

ਕੁਝ ਦਿਨ ਪਿਛੋਂ
ਇਕ ਕਰਨੀ-ਵਾਲਾ ਫਕੀਰ ਆਇਆ —
ਰਾਮ ਮੁਹੰਮਦ ਸਿੰਘ !
ਉਹ ਭੁੱਬੀਂ ਰੋਇਆ ਤੇ ਪਾਰੇ ਵਾਂਗੂੰ ਤੜਫਿਆ
ਉਸ ਆਹ ਦਾ ਨਾਅਰਾ ਮਾਰਿਆ।
ਤੇ ਜਾਗਦੇ-ਸੁੱਤੇ ਪਿੰਡ ਨੂੰ ਲਲਕਾਰਿਆ :
ਆਪਣੀਆਂ ਲਾਸ਼ਾਂ ਚੁੱਕੀ ਫਿਰਦੇ ਮੁਰਦਿਓ !
ਉਸ ਭਾੜੇ ਦੇ ਸੂਰਮੇ ਨੂੰ ਇਹ ਤਾਂ ਪੁਛ ਲੈਂਦੇ
ਜਿਸ ਤਲਵਾਰ ਨਾਲ ਭਾਗੋ ਕਤਲ ਕੀਤੀ ਸੀ
ਉਹ ਮੀਰੀ ਦੀ ਕਿ ਪੀਰੀ ਦੀ ਸੀ ?
ਏਨਾਂ ਕਹਿੰਦਿਆਂ ਉਹਦਾ ਗੱਚ ਭਰ ਆਇਆ
ਪਿੰਡ ਨੂੰ ਸੁੱਤੇ ਰਹਿਣ ਦਾ ਸਰਾਪ ਦੇ ਕੇ
ਕਰਨੀ ਵਾਲਾ ਫਕੀਰ ਤੁਰਦਾ ਹੋਇਆ

............

ਕਿੱਧਰ ਗਿਆ ਹੋਵੇਗਾ ਉਹ ?
ਕਿਸੇ ਜਾਗਦੇ ਪਿੰਡ ਦੀ ਤਲਾਸ਼ ਵਿਚ ?
ਨਹੀਂ, ਕਰਨੀ ਵਾਲੇ ਰੌਸ਼ਨੀ ਦੀ ਸਿਰਫ ਤਲਾਸ਼ ਹੀ ਨਹੀਂ ਕਰਦੇ
ਸਗੋਂ ਸਿਰ ਦੀ ਸਲਾਹ ਨਾਲ
ਦਿਲ 'ਚ ਅਥਾਹ ਅੱਗ ਲੈ ਕੇ
ਸੁੱਤੇ ਤੇ ਹਨੇਰੇ ਪਿੰਡਾਂ ਨੂੰ ਜਗਾਉਣ ਦਾ ਜੱਗ ਰਚਦੇ ਨੇ
ਕਰਨੀ ਵਾਲੇ ਸਦਾ ਮਸਾਲ ਵਾਂਗ ਮਚਦੇ ਨੇ।

**ਨਿਰੰਜਨ ਸਿੰਘ ਨੂਰ**

# ਪਾਸਪੋਰਟ ਦਫਤਰ ਜਲੰਧਰ 'ਚ ਹੁੰਦੀ ਖੱਜਲ-ਖੁਆਰੀ ਤੋਂ ਲੋਕ ਪ੍ਰੇਸ਼ਾਨ

ਜਲੰਧਰ — ਰਿਜਨਲ ਪਾਸਪੋਰਟ ਦਫਤਰ ਜਲੰਧਰ ਵਿਚ ਵਿਦੇਸ਼ ਜਾਣ ਵਾਲਿਆਂ ਦੀ ਅਤਿ ਦੀ ਖੱਜਲ-ਖੁਆਰੀ ਹੋ ਰਹੀ ਹੈ। ਦਫਤਰ ਦੀ ਇਮਾਰਤ ਪੁੱਛਗਿੱਛ ਕਰਨ ਵਾਲਿਆਂ ਨਾਲ ਖਚਾਖਚ ਭਰੀ ਰਹਿੰਦੀ ਹੈ। ਲਾਈਨ ਵਿਚ ਲੱਗੇ ਹੋਏ ਬਹੁਤ ਸਾਰੇ ਵਿਅਕਤੀਆਂ ਦੀ ਦਫਤਰ ਅੰਦਰ ਜਾਣ ਦੀ ਵਾਰੀ ਹੀ ਨਹੀਂ ਆਉਂਦੀ।

ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਇਸ ਵਕਤ ਉਨ੍ਹਾਂ ਵਿਅਕਤੀਆਂ ਨੂੰ ਪਾਸਪੋਰਟ ਮਿਲ ਰਹੇ ਹਨ ਜਿਨ੍ਹਾਂ ਨੇ ਮਈ ਵਿਚ ਅਰਜ਼ੀ ਪੱਤਰ ਦਿਤੇ ਸਨ। ਅਰਜ਼ੀਕਾਰ ਕਾਨੂੰਨ 40 ਦਿਨ ਵਿਚ ਪਾਸਪੋਰਟ ਪ੍ਰਾਪਤ ਕਰਨ ਦਾ ਹੱਕਦਾਰ ਹੈ। ਜਲੰਧਰ ਦੇ ਦਫਤਰ ਵਿਚ ਔਸਤਨ ਛੇ ਹਜ਼ਾਰ ਅਰਜ਼ੀ ਹਰ ਮਹੀਨੇ ਦਾਖਲ ਹੁੰਦੀ ਹੈ। ਭਰੋਸੇਯੋਗ ਸੂਤਰਾਂ ਨੇ ਉਦਾਹਰਣ ਦਿੰਦਿਆਂ ਕਿਹਾ ਕਿ ਬੰਬਈ ਦਫਤਰ ਵਿਚ 25 ਹਜ਼ਾਰ ਤੋਂ ਵਧੇਰੇ ਅਰਜ਼ੀਆਂ ਹਰ ਮਹੀਨੇ ਆਉਂਦੀਆਂ ਹਨ ਅਤੇ ਕੰਮ ਨਿਰਵਿਘਨ ਸਮੇਂ ਸਿਰ ਹੁੰਦਾ ਰਹਿੰਦਾ ਹੈ। ਪ੍ਰੰਤੂ ਜਲੰਧਰ ਦਫਤਰ ਵਿਚ ਉਨ੍ਹਾਂ ਵਿਅਕਤੀਆਂ ਨੂੰ ਵੀ ਪਾਸਪੋਰਟ ਮਿਲਣੇ ਸ਼ੁਰੂ ਨਹੀਂ ਹੋਏ ਜਿਨ੍ਹਾਂ ਨੇ ਪੰਜ ਮਹੀਨੇ ਪਹਿਲਾਂ ਅਰਜ਼ੀ ਦਿੱਤੀ ਸੀ। ਕਾਨੂੰਨ ਅਨੁਸਾਰ ਸਾਰੀਆਂ ਰਿਪੋਰਟਾਂ ਆ ਜਾਣ ਉਪਰੰਤ 72 ਘੰਟੇ ਦੇ ਵਿਚ ਵਿਚ ਪਾਸਪੋਰਟ ਦੇਣਾ ਹੁੰਦਾ ਹੈ। ਪ੍ਰੰਤੂ ਇਸ ਵਕਤ ਇਸ ਦਫਤਰ ਵਿਚ 25 ਹਜ਼ਾਰ ਤੋਂ ਵਧੇਰੇ ਅਜਿਹੀਆਂ ਫਾਈਲਾਂ ਹਨ ਜਿਨ੍ਹਾਂ ਦੀਆਂ ਸਾਰੀਆਂ ਰਿਪੋਰਟਾਂ ਹੁੰਦੀਆਂ ਹਨ ਪ੍ਰੰਤੂ ਪਾਸਪੋਰਟ ਨਹੀਂ ਦਿੱਤੇ ਜਾ ਰਹੇ।

ਕਥਿਤ 'ਰੁਟੀਨ' ਦੇ ਬਹਾਨੇ ਬਹੁਤ ਹੀ ਜ਼ਰੂਰੀ ਕੇਸਾਂ ਉਤੇ ਵੀ ਗੌਰ ਨਹੀਂ ਕੀਤਾ ਜਾਂਦਾ। ਵਿਆਹ ਜਾਂ ਬੀਮਾਰੀ ਦੇ ਇਲਾਜ ਲਈ ਜਾਣ ਵਾਲਿਆਂ ਦੀ ਹੋਰ ਵੀ ਬੁਰੀ ਹਾਲਤ ਹੈ। ਵੀਜ਼ੇ ਉਂਜ ਹੀ ਲੰਘ ਜਾਂਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਪਾਸਪੋਰਟ ਅਧਿਕਾਰੀ ਮਹੀਨਾ ਮਹੀਨਾ ਲੰਬੀ ਛੁੱਟੀ 'ਤੇ ਚਲੇ ਜਾਂਦੇ ਹਨ ਜਿਸ ਕਰਕੇ ਦਫਤਰ ਦਾ ਕੰਮ ਸਮੇਂ ਸਿਰ ਨਹੀਂ ਹੁੰਦਾ। ਭਰੋਸੇਯੋਗ ਸੂਤਰਾਂ ਅਨੁਸਾਰ ਜਿਨ੍ਹਾਂ ਕੇਸਾਂ 'ਤੇ ਕੋਈ 'ਇਤਰਾਜ' ਹੁੰਦਾ ਹੈ ਉਹ ਲਿਖਤੀ ਨਹੀਂ ਦਿੱਤਾ ਜਾਂਦਾ। ਅਜਿਹੇ ਅਨੇਕਾਂ ਕੇਸ ਹਨ ਜਿਨ੍ਹਾਂ ਦੀਆਂ ਫੋਟੋਆਂ ਘੱਟ ਸਨ ਪ੍ਰੰਤੂ ਉਹ ਦਸ ਦਸ ਵਾਰ ਹੋਰ ਫੋਟੋਆਂ ਜਮ੍ਹਾਂ ਕਰਾ ਚੁੱਕੇ ਹਨ ਪ੍ਰੰਤੂ ਇਤਰਾਜ ਜਿਉਂ ਦਾ ਤਿਉਂ ਜਾਰੀ ਹੈ

ਜਦੋਂ ਪਤੀ ਨੂੰ ਪਤਾ ਲੱਗਾ ਕਿ ਉਸਦੀ ਪਤਨੀ ਬੇਵਫਾ ਹੈ ਅਤੇ ਕਿਸੇ ਪਰਾਏ ਪੁਰਸ਼ ਨਾਲ ਪਿਆਰ ਕਰਦੀ ਹੈ ਤਾਂ ਉਹ ਦੌੜਕੇ ਆਪਣੇ ਘਰ ਗਿਆ ਅਤੇ ਚੀਕ ਕੇ ਬੋਲਿਆ "ਕੀ ਸਮਝਦੀ ਹੈ ਤੂੰ? ਮੈਨੂੰ ਸਭ ਪਤਾ ਹੈ।"

"ਜ਼ਿਆਦਾ ਡੀਂਗ ਨ ਮਾਰੋ ਜੀ" ਪਤਨੀ ਨੇ ਤਿਰਸਕਾਰ ਨਾਲ ਕਿਹਾ - "ਸਭ ਪਤਾ ਹੈ, ਤਾਂ ਦੱਸੋ ਕਿ ਪਾਣੀਪਤ ਦੀ ਦੂਜੀ ਲੜਾਈ ਕਦੋਂ ਹੋਈ ਸੀ?"

# ਕੈਨੇਡਾ ਦਰਪਣ


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167


## ਫਿਲਸਤੀਨੀਆਂ ਲਈ ਯੂ. ਐਨ. ਸਪੈਸ਼ਲ ਸਮਾਗਮ

ਯੂ. ਐਨ. ਓ. — ਖਬਰ ਹੈ ਕਿ ਫਿਲਸਤੀਨ ਦੇ ਮਸਲੇ ਉਪਰ ਨੀਊਯਾਰਕ ਵਿਚ ਯੂ. ਐਨ. ਸਮਾਗਮ ਇਸ ਲਈ ਨਹੀਂ ਹੋ ਸਕਿਆ ਕਿ ਅਮਰੀਕਾ ਦੀ ਸਰਕਾਰ ਨੇ ਫਿਲਸਤੀਨੀਆਂ ਦੇ ਆਗੂ ਯਾਸਾਰ ਆਰਾਫਾਤ ਨੂੰ ਯੂ. ਐਨ. ਵਿਚ ਪੁੱਜਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਯੂ. ਐਨ. ਓ. ਦੇ ਮੈਂਬਰ ਦੇਸ਼ਾਂ ਨੇ ਫਿਲਸਤੀਨੀ ਆਗੂ ਨੂੰ ਸੁਣਨ ਲਈ 13 ਤੋਂ 15 ਦਸੰਬਰ ਨੂੰ ਇਕ ਸਪੈਸ਼ਲ ਸਮਾਗਮ ਜਨੇਵਾ ਵਿਚ ਆਯੋਜਤ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਮਤੇ ਉਪਰ 154 ਦੇਸ਼ਾਂ ਨੇ ਹੱਕ ਵਿਚ ਅਮਰੀਕਾ ਅਤੇ ਅਸਰਾਈਲ, ਦੋ ਦੇਸ਼ਾਂ ਨੇ ਵਿਰੋਧ ਵਿਚ ਵੋਟ ਪਾਏ। ਇਸ ਸਪੈਸ਼ਲ ਸਮਾਗਮ ਉਪਰ ਯੂ. ਐਨ. ਓ. ਦੇ 600,000 ਲੱਖ ਡਾਲਰ ਖਰਚ ਆਉਣਗੇ। ਇਹ ਫੈਸਲਾ ਅਮਰੀਕਾ ਦੀ ਯੂ ਐਨ ਓ ਵਿਚ ਸਭ ਤੋਂ ਵੱਡੀ ਰਾਜਨੀਤਕ ਅਤੇ ਇਖਲਾਕੀ ਹਾਰ ਸਮਝੀ ਜਾ ਰਹੀ ਹੈ।


FIVE RIVERS FISH 'N CHIPS

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 Ph. 327-7455

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ



WHEATON PONTIAC BUICK GMC LTD.

GM Canada



Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

SPECIAL PRICE ON NEW ACADIAN, FINANCE AVAILABLE - 8.8% LIMITED TIME



Bus: 526-2781 Res: 524-4137 Pager 687- 7711 #7610

325—12th St., New Westminster, B.C.





ਨਿਰਮਲ ਸਿੰਘ ਧਾਲੀਵਾਲ

Thinking of Buying or Selling

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

*For The Best Selection & 100% Satisfaction*

NIRMAL (Neil) DHALIWAL

Bus: 588-9955 Res: 597-2069

Specializing in: Lots, New Homes, Investment Properties, Farms, Industrial & Commercials

WORKING 100% FOR YOU



LAKEVIEW REALTY LTD.
10732 KING GEORGE HWY., SURREY, B.C. V3T 2X7

# ਸ਼ਰਾਬ ਦਾ ਸਰਾਪ

ਗੁਰਵੇਲ ਸਿੰਘ ਪੰਨੂੰ

ਪੰਜਾਬੀ 'ਚ ਕਹਿੰਦੇ: ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਮਨੁੱਖ ਦਾ ਵਤੀਰਾ ਵੀ ਕੁਝ ਇੰਜ ਹੀ ਹੈ। ਘੜੀ ਦੇ ਪੈਂਡੂਲਮ (ਕੰਧ-ਕਲਾਕ ਦੇ ਹੇਠਾਂ ਲਟਕਦਾ ਅਤੇ ਝੂਲਦਾ ਹਿਸਾ) ਵਾਂਗ ਮਨੁੱਖੀ ਅਮਲ ਵੀ ਕਦੀ ਇਕ ਦਿਸ਼ਾ ਵਲ ਤੁਰ ਪੈਂਦਾ ਹੈ ਅਤੇ ਸਿਖਰ ਛੋਹ, ਫਿਰ ਉਸ ਦੇ ਬਿਲਕੁਲ ਉਲਟੇ ਪਾਸੇ ਵਲ ਉਸ ਦਾ ਝੁਕਾਅ ਹੋ ਜਾਂਦਾ ਹੈ। ਉਧਰ ਵੀ ਸਿਖਰ ਛੋਹ ਕੇ ਮੁੜ ਪਹਿਲੇ ਵਾਲੇ ਪਾਸੇ ਵਲ ਨੂੰ ਤੁਰ ਪੈਂਦਾ ਹੈ। ਹੈ ਨਾ ਮੱਛੀ ਦੇ ਪੱਥਰ ਚੱਟ ਕੇ ਮੁੜਨ ਵਾਲੀ ਗੱਲ ?

ਮਨੁੱਖੀ ਇਤਿਹਾਸ ਵਿਚ ਅਜਿਹੇ ਦੌਰ ਵਾਰ ਵਾਰ ਆਏ ਹਨ ਜਦ ਉਹ ਇਕ ਸਮੇਂ ਖੁੱਲ੍ਹੇ-ਡੁੱਲ੍ਹੇ ਲੁੱਚਪੁਣੇ 'ਤੇ ਹੀ ਉਤਰ ਆਉਂਦਾ ਰਿਹਾ ਹੈ ਅਤੇ ਸਿਖਰ ਛੋਹਣ ਤੋਂ ਬਾਅਦ ਉਸ ਦਾ ਰੁਝਾਨ ਪਵਿੱਤਰਤਾ, ਕੱਟੜ ਸੁਧਾਰਵਾਦ, ਲੱਜਾ ਸ਼ਰਮ ਅਤੇ ਪਾਕ ਸਾਫ ਜੀਵਨ ਵੱਲ ਹੋ ਜਾਂਦਾ ਰਿਹਾ ਹੈ। ਗੱਲ ਇਥੇ ਵੀ ਨਹੀਂ ਰੁਕਦੀ। ਕੁਝ ਦਹਾਕਿਆਂ ਦੀ ਪਾਕ ਸਾਫ ਸਮਾਜਿਕ ਜ਼ਿੰਦਗੀ ਤੋਂ ਪਿਛੋਂ ਫਿਰ ਮਨੁੱਖੀ ਅੰਦਰ ਜਿਵੇਂ ਲਾਵਾ ਫੁਟਦਾ ਹੈ, ਪਰ ਸਰੀਰਕ ਮੌਜ ਮੇਲੇ, ਖੁੱਲ੍ਹੇ-ਡੁੱਲ੍ਹੇ ਜਿਨਸੀ ਸੰਬੰਧਾਂ ਅਤੇ ਕਥਿਤ ਲੱਚਰਪੁਣੇ 'ਤੇ ਉਤਰ ਪੈਂਦਾ ਹੈ। ਪੱਛਮ ਦੇ ਦੇਸ਼ਾਂ ਵਿਚ 50ਵਿਆਂ ਤੋਂ 70ਵਿਆਂ ਦੇ ਅਖੀਰ ਤਕ ਦਾ ਸਮਾਂ ਖੁੱਲ੍ਹੇ-ਡੁੱਲ੍ਹੇ ਜਿਨਸੀ ਸੰਬੰਧਾਂ ਦਾ ਪਸਾਰਾ, ਕਲਾਕ ਦੇ ਪੈਂਡੂਲਮ ਦਾ ਇਕ ਪਾਸੇ ਦੀ ਆਖਰੀ ਹੱਦ ਨੂੰ ਛੂਹਣ ਵਾਂਗ ਹੀ ਸੀ।

ਲੋਕ ਸ਼ਰਾਬ ਕਿਉਂ ਪੀਂਦੇ ਹਨ ? ਅੱਜ ਤੱਕ ਜੋ ਕੁਝ ਅਸੀਂ ਪੜ੍ਹਿਆ, ਸਮਝਿਆ ਹੈ, ਸਾਨੂੰ ਉਸ ਵਿਚੋਂ ਇਸ ਸਵਾਲ ਦਾ ਖਾਤਰ-ਖਾਹ ਜਵਾਬ ਹਾਲੇ ਤਕ ਨਹੀਂ ਮਿਲਿਆ। ਬਸ ਇਹੀ ਸਮਝ ਆਈ ਹੈ ਕਿ ਲੋਕ ਸ਼ਰਾਬ ਪੀਂਦੇ ਹਨ। ਕਿਸੇ ਦੇਸ਼ ਵਿਚ ਵੱਧ, ਕਿਸੇ 'ਚ ਘੱਟ। ਕਿਸੇ ਦੌਰ ਵਿਚ ਬਹੁਤ ਜ਼ਿਆਦਾ ਅਤੇ ਕਿਸੇ ਵਿਚ ਬਿਲਕੁਲ ਥੋੜ੍ਹੀ।

## ਹੱਕੇ-ਬੱਕੇ

ਪੱਛਮ ਦੇ ਦੇਸ਼ਾਂ ਵਿਚ ਐਸੇ ਦੌਰ ਆਏ ਜਦ ਉਥੋਂ ਦੀ ਵਸੋਂ (ਜੇ ਰਤਾ ਅਤਿਕਥਨੀ ਨਾਲ ਗੱਲ ਕਰਨੀ ਹੋਵੇ) ਸ਼ਰਾਬ ਨਾਲ ਨਹਾਉਣ ਤਕ ਜਾਂਦੀ ਸੀ। ਪਰ ਹੁਣ ਕੁਝ ਦਹਾਕਿਆਂ ਤੋਂ ਸ਼ਰਾਬ ਪੀਣ ਦੇ ਮਾਮਲੇ ਵਿਚ ਜਾਪਦਾ ਹੈ, ਉਥੇ ਰਤਾ ਟਿਕ-ਟਿਕਾਅ ਆ ਗਿਆ ਹੈ। ਨਸ਼ੇ ਦੀਆਂ ਸਿਖਰਾਂ ਛੋਹਣ ਲਈ ਹੁਣ ਉਥੇ ਲੋਕ ਸ਼ਰਾਬ ਨਹੀਂ ਸਗੋਂ ਚਰਸ, ਗਾਂਜਾ, ਬਰਾਊਨ ਸ਼ੂਗਰ, ਕੁਕੀਨ, ਐਲ. ਐਸ. ਡੀ. ਆਦਿ ਦੀ ਵਰਤੋਂ ਕਰਦੇ ਹਨ।

ਦੁਨੀਆਂ ਦੇ ਸਭ ਤੋਂ ਪਹਿਲੇ ਸਮਾਜਵਾਦੀ ਦੇਸ਼ ਰੂਸ ਦੇ ਲੋਕਾਂ ਦੀ ਜ਼ਿੰਦਗੀ ਦੇ ਕਈ ਪੱਖਾਂ 'ਤੇ ਕਈ ਦਹਾਕੇ ਤਾਂ ਪਰਦਾ ਹੀ ਪਿਆ ਰਿਹਾ। ਰੂਸ ਦੀ ਸਰਕਾਰ ਨਾ ਆਪ ਕੁਝ ਦੱਸਦੀ ਸੀ ਅਤੇ ਨਾ ਹੀ ਖਬਰ-ਸੂਰਤ ਬਾਹਰ ਨਿਕਲਣ ਦਿੰਦੀ ਸੀ ਉਥੇ ਰਾਜ ਪ੍ਰਬੰਧ ਦਾ ਢਾਂਚਾ ਹੀ ਕੁਝ ਅਜਿਹਾ ਸੀ। ਸਮਾਜਵਾਦੀ ਰੂਸ ਦਾ ਦਿਨ-ਰਾਤ ਗੁਣਗਾਇਨ ਕਰਨ ਵਾਲੇ ਸਾਡੇ ਕੁਝ ਭਰਾ ਕਈ ਦਹਾਕੇ ਰੂਸ ਦੀ ਤਸਵੀਰ ਇਥੇ ਇੰਜ ਪੇਸ਼ ਕਰਦੇ ਰਹੇ ਜਿਵੇਂ ਸਵਰਗ ਦਾ ਬਿਆਨ ਕਰ ਰਹੇ ਹੋਣ।

ਥੋੜ੍ਹਾ ਜਿਹਾ ਢੱਕਣਾ ਇਕ ਪਾਸੇ ਖਿਸਕਾ ਕੇ ਖਰੁਸ਼ਚੋਵ ਨੇ ਰੂਸ ਦੇ ਪਤੀਲੇ 'ਚੋਂ ਨਿਕਲਦੀ ਭਾਫ ਦੀ ਖੁਸ਼ਬੂ-ਬਦਬੂ ਸੰਸਾਰ ਦੇ ਲੋਕਾਂ ਨੂੰ ਸੁੰਘਾਈ ਸੀ ਪਰ ਉਸ ਫੌਰਨ ਢੱਕਣਾ ਮੁੜ ਕਸ ਕੇ ਬੰਦ ਕਰ ਦਿੱਤਾ। ਹੁਣ 80ਵਿਆਂ ਵਿਚ ਆ ਕੇ ਗੋਰਬਾਚੋਵ ਨੇ ਜਦ ਪੂਰਾ ਢੱਕਣਾ ਚੁੱਕ ਪਤੀਲੇ ਦਾ ਕਾਲਾ ਧੁਆਂਖਿਆ ਥੱਲਾ ਹੀ ਵਿਖਾ ਦਿੱਤਾ ਤਾਂ ਇਕ ਵਾਰ ਤਾਂ ਸੰਸਾਰ ਦੇ ਕਮਿਊਨਿਸਟਾਂ ਦੇ ਸਮਝੋਂ ਹੱਥਾਂ ਦੇ ਤੋਤੇ ਉਡ ਗਏ। ਹੱਕੇ-ਬੱਕੇ ਹੋ ਜਾਣਾ ਇਸ ਨੂੰ ਹੀ ਕਿਹਾ ਜਾਂਦਾ ਹੈ।

ਗੋਰਬਾਚੋਵ ਦੇ ਢੱਕਣ ਚੁੱਕਣ 'ਤੇ ਹੀ ਪਤਾ ਲੱਗਿਆ ਕਿ ਰੂਸੀਆਂ ਅੰਦਰ ਸ਼ਰਾਬ ਪੀਣਾ ਇਕ ਬੀਮਾਰੀ ਨਹੀਂ ਇਕ ਵਬਾ ਦੀ ਹੱਦ ਤਕ ਫੈਲ ਚੁੱਕਿਆ ਹੈ। ਇਸ ਵਬਾ ਨੂੰ ਰੋਕਣ ਲਈ ਗੋਰਬਾਚੋਵ ਨੇ 1985 ਵਿਚ ਇਸ ਦੇ ਵਿਰੁਧ ਇਕ ਤਰ੍ਹਾਂ ਦਾ 'ਧਰਮ ਯੁੱਧ' ਹੀ ਚਲਾ ਦਿੱਤਾ ਅਤੇ ਇਹ ਧਰਮ ਯੁੱਧ ਹਾਲੀ ਤਕ ਜੰਗੀ ਪ੍ਰਾਥਮਿਕਤਾ ਦੇ ਆਧਾਰ 'ਤੇ ਚਲ ਰਿਹਾ ਹੈ।

ਰੂਸ ਵਿਚ ਬਹੁਤੀ ਸ਼ਰਾਬ ਪੀਣ ਦੀ ਇੱਲਤ ਦਾ ਕਾਰਨ ਪੱਛਮ ਦੇ ਸਮਾਜ-ਵਿਗਿਆਨੀ ਇਹ ਦੱਸਦੇ ਹਨ ਕਿ ਕਿਉਂਕਿ ਰੂਸ ਦਾ ਰਾਜਸੀ ਅਤੇ ਰਾਜਕੀ ਢਾਂਚਾ ਬਹੁਤ ਗਲ-ਘੋਟੂ ਹੈ, ਇਸ ਲਈ ਉਥੋਂ ਦੇ ਲੋਕ ਨਿਰਾਸ਼ਤਾ ਕਾਰਨ ਦਾਰੂ ਬਹੁਤ ਪੀਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਥੇ ਬੰਦੇ ਨੂੰ ਭੌਂਕਣ (ਸਰਕਾਰ ਦੇ ਖਿਲਾਫ) ਦੀ ਵੀ ਖੁੱਲ੍ਹ ਨਾ ਹੋਵੇ, ਉਸ ਦਾ ਅੰਦਰਲਾ ਤਾ ਪਾਟਣ 'ਤੇ ਆਵੇਗਾ ਹੀ। 'ਨਰਵਜ਼' ਨੂੰ ਢਿੱਲਿਆਂ ਕਰਨ ਲਈ ਬੰਦਾ ਸ਼ਰਾਬ ਦਾ ਆਸਰਾ ਲਵੇਗਾ। ਪਰ ਫਿਰ ਵੀ ਪੱਛਮੀ ਦੇਸ਼ਾਂ ਵਿਚ, ਜਿਥੇ ਰੱਜ ਕੇ ਭੌਂਕਣ ਦੀ ਖੁੱਲ੍ਹ ਹੈ, ਲੋਕ 'ਅਲਕੋਹਲੀ' (ਪੱਕੇ ਸ਼ਰਾਬੀ) ਹਨ ? ਇਸ ਸਵਾਲ ਦਾ ਜਵਾਬ ਸਮਾਜ-ਵਿਗਿਆਨੀਆਂ ਕੋਲ ਕੋਈ ਨਹੀਂ। ਸ਼ਾਇਦ ਸ਼ਰਾਬ ਦਾ ਸਰਾਪ ਬੰਦੇ ਦੇ ਜਨਮ ਵੇਲੇ ਹੀ ਉਸ ਨੂੰ ਦੇ ਦਿੱਤਾ ਜਾਂਦਾ ਹੈ, ਰੱਬ ਵਲੋਂ, ਕੁਦਰਤ ਵਲੋਂ, ਸ਼ੈਤਾਨ ਵਲੋਂ — ਪਤਾ ਨਹੀਂ।

ਗੋਰਬਾਚੋਵ ਨੇ ਦੇਸ਼ ਅੰਦਰ ਸ਼ਰਾਬ ਪੀਣ ਦੀ ਵਧੀ ਆਦਤ ਨੂੰ ਰੋਕਣ ਲਈ ਸਭ ਤੋਂ ਪਹਿਲਾਂ ਆਪ ਆਪਣੀ ਮਿਸਾਲ ਪੇਸ਼ ਕੀਤੀ। ਭਾਵੇਂ ਰੀਗਨ ਨਾਲ ਤੇ ਭਾਵੇਂ ਰਾਜੀਵ ਗਾਂਧੀ ਤੇ ਭਾਵੇਂ ਸੰਸਾਰ ਦੇ ਕਿਸੇ ਹੋਰ ਨੇਤਾ ਨਾਲ ਉਸ ਦੀ ਮੀਟਿੰਗ ਹੋਵੇ, ਗੋਰਬਾਚੋਵ ਸ਼ਰਾਬ ਦੇ ਪਿਆਲੇ ਨੂੰ ਹੱਥ ਨਹੀਂ ਲਾਉਂਦਾ। ਰੂਸ ਅੰਦਰ ਤੇ ਰੂਸ ਦੇ ਬਾਹਰ ਕਿਸੇ ਵੀ ਸਰਕਾਰੀ ਜਾਂ ਨੀਮ-ਸਰਕਾਰੀ ਪਾਰਟੀ, ਦਾਅਵਤ, ਵਿਚਾਰ-ਵਟਾਂਦਰਾ ਮੀਟਿੰਗ — ਕੋਈ ਵੀ ਇਕੱਠ ਹੋਵੇ, ਉਸ ਵਿਚ ਭਾਗ ਲੈ ਰਹੇ ਉਚ ਰੂਸੀ ਅਧਿਕਾਰੀ ਸ਼ਰਾਬਨੋਸ਼ੀ ਨਹੀਂ ਕਰਦੇ। ਅੱਜ ਸੰਸਾਰ ਰਾਜਨੀਤੀ ਦੇ ਪਿੜਾਂ ਵਿਚ ਇਹ ਗੱਲ ਥੋੜ੍ਹੀ ਪ੍ਰਸੰਨਤਾ ਅਤੇ ਥੋੜ੍ਹੇ ਮਜ਼ਾਕ ਨਾਲ ਕਹੀ ਜਾਂਦੀ ਹੈ ਕਿ ਗੋਰਬਾਚੋਵ ਤਾਂ ਮਹਾਤਮਾ ਗਾਂਧੀ ਨਾਲੋਂ ਵਧੇਰੇ ਸ਼ਰਾਬ-ਵਿਰੋਧੀ ਹੈ।

## ਕਦਮ

ਲੋਕਾਂ ਵਿਚ ਸ਼ਰਾਬ ਪੀਣ ਦੀ ਆਦਤ ਨੂੰ ਘਟਾਉਣ ਲਈ ਰੂਸ ਅੰਦਰ, ਗੋਰਬਾਚੋਵ ਦੀ ਅਗਵਾਈ ਹੇਠ, ਅਨੇਕਾਂ ਕਦਮ ਚੁੱਕੇ ਗਏ ਹਨ। ਸ਼ਰਾਬ ਪੀ ਕੇ ਕੰਮ 'ਤੇ ਆਉਣ ਵਾਲੇ ਨੂੰ ਪਦਵੀ ਤੋਂ ਥੱਲੇ ਕਰਨ, ਜੁਰਮਾਨਾ ਕਰਨ, ਨੌਕਰੀ ਤੋਂ ਕੱਢ ਦੇਣ ਅਤੇ ਸਾਲ ਦੀ ਜੇਲ੍ਹ ਤੱਕ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ। ਜਿਹੜੇ ਉਚ ਅਫਸਰ ਹੇਠਲਿਆਂ ਦੀ ਸ਼ਰਾਬ ਦੀ ਆਦਤ ਨੂੰ ਰੂਸ ਵਿਚ ਸ਼ਰਾਬ ਦੇ ਅੱਧੇ ਤੋਂ ਵੱਧ ਸਟੋਰ ਬੰਦ ਕਰ ਦਿੱਤੇ ਗਏ ਹਨ। ਬੱਚਿਆਂ ਦੀਆਂ ਅਤੇ ਡਾਕਟਰੀ ਸੰਸਥਾਵਾਂ, ਤਾਲੀਮੀ ਅਦਾਰਿਆਂ ਅਤੇ ਫੈਕਟਰੀਆਂ ਅਤੇ ਲੋਕ ਦਿਲ-ਬਹਿਲਾਵੇ ਦੇ ਕੇਂਦਰਾਂ ਤੋਂ ਸ਼ਰਾਬ ਦੀਆਂ ਦੁਕਾਨਾਂ ਦੂਰ ਹਟਾ ਦਿੱਤੀਆਂ ਗਈਆਂ ਹਨ। ਇੱਕੀ ਸਾਲ ਤੋਂ ਘੱਟ ਉਮਰ ਦਾ ਕੋਈ ਜੀਅ ਦੁਕਾਨ ਤੋਂ ਸ਼ਰਾਬ ਖਰੀਦ ਨਹੀਂ



ਸਕਦਾ। ਸ਼ਰਾਬ ਦੀਆਂ ਦੁਕਾਨਾਂ ਦੁਪਹਿਰ ਤੋਂ ਬਾਅਦ 2 ਤੋਂ 7, ਸਿਰਫ ਪੰਜ ਘੰਟੇ ਹੀ ਖੋਲ੍ਹੀਆਂ ਜਾਂਦੀਆਂ ਹਨ। ਹਰ ਉਸ ਜੀਅ ਨੂੰ ਸਖਤ ਸਜ਼ਾ ਹੋ ਸਕਦੀ ਹੈ ਜੋ ਨਾਬਾਲਗ ਨੂੰ ਸ਼ਰਾਬ ਪਿਲਾਏ।

## ਹਾਦਸੇ

ਫਿਲਮਾਂ ਵਿਚ ਅਤੇ ਟੀ. ਵੀ. 'ਤੇ ਸ਼ਰਾਬ ਨੂੰ ਸੰਜਮ ਨਾਲ ਅਤੇ ਸਭਿਅਕ ਢੰਗ ਨਾਲ ਪੀਣ ਦੇ ਵਿਚਾਰ ਵੀ ਹੁਣ ਪੇਸ਼ ਨਹੀਂ ਕੀਤੇ ਜਾ ਸਕਦੇ। ਅਖਬਾਰਾਂ, ਰਿਸਾਲਿਆਂ ਵਿਚ ਹੁਣ 'ਵੋਦਕਾ' ਦਾ ਗੁਣ ਗਾਇਨ ਨਹੀਂ ਕੀਤਾ ਜਾਂਦਾ। ਸ਼ਰਾਬ ਦੇ ਹਰ ਪ੍ਰਕਾਰ ਦੇ ਇਸ਼ਤਿਹਾਰ 'ਤੇ ਸਖਤ ਪਾਬੰਦੀ ਹੈ। ਪ੍ਰਚਾਰ ਦੇ ਸਭ ਸਾਧਨ ਸ਼ਰਾਬ ਦੇ ਵਿਰੁੱਧ ਪ੍ਰਚਾਰ ਕਰਨ ਲਈ ਜੁਟਾਏ ਗਏ ਹਨ।

ਸ਼ਹਿਰਾਂ, ਕਸਬਿਆਂ ਵਿਚ ਥਾਂ ਥਾਂ 'ਤੇ ਵੱਡੇ ਵੱਡੇ ਇਸ਼ਤਿਹਾਰ ਅਤੇ ਇਸ਼ਤਿਹਾਰੀ ਫੱਟੇ ਨਜ਼ਰ ਪੈਂਦੇ ਹਨ ਜਿਨ੍ਹਾਂ ਰਾਹੀਂ ਸਿਹਤ, ਪਰਿਵਾਰਕ ਜੀਵਨ ਅਤੇ ਸਮੁੱਚੇ ਸਮਾਜ ਉਤੇ ਪੈਂਦੇ ਸ਼ਰਾਬ ਦੇ ਚੰਦਰੇ ਅਸਰਾਂ ਨੂੰ ਦਰਸਾਇਆ ਗਿਆ ਹੈ। ਡਾਕ ਟਿਕਟਾਂ ਰਾਹੀਂ ਵੀ ਸ਼ਰਾਬ ਦੇ ਵਿਰੁੱਧ ਪ੍ਰਚਾਰ ਕੀਤਾ ਜਾ ਰਿਹਾ ਹੈ।

ਰੂਸ ਵਿਚ ਔਰਤਾਂ ਮਰਦਾਂ ਨਾਲੋਂ ਜ਼ਿਆਦਾ ਹਨ — ਆਬਾਦੀ ਦਾ 55 ਫੀਸਦੀ। ਸ਼ਰਾਬ ਦੇ ਖਿਲਾਫ ਵਿੱਢੇ ਇਸ 'ਧਰਮਯੁਧ' ਵਿਚ ਗੋਰਬਾਚੋਵ ਨੂੰ ਔਰਤਾਂ ਦਾ ਭਰਵਾਂ ਸਹਿਯੋਗ ਮਿਲਿਆ ਹੈ। ਉਹ ਇਸ ਕਾਰਵਾਈ ਤੋਂ ਬਹੁਤ ਪ੍ਰਸੰਨ ਹਨ। ਇਸ ਮੁਹਿੰਮ ਦੇ ਮੁਢਲੇ ਸਿੱਟੇ ਵੀ ਆਸ਼ਾਜਨਕ ਹਨ। ਗੰਭੀਰ ਅਪਰਾਧੀ ਅੱਗੇ ਨਾਲੋਂ ਅੱਧੇ ਰਹਿ ਗਏ ਹਨ, ਹਾਦਸਿਆਂ ਵਿਚ ਸੜਕ 'ਤੇ ਮਰਨ ਵਾਲਿਆਂ ਦੀ ਗਿਣਤੀ ਵਿਚ ਵੀ ਪੰਜਾਹ ਫੀਸਦੀ ਦੀ ਘਾਟ ਆਈ ਹੈ।

ਰੂਸ ਅੰਦਰ ਗੰਭੀਰ ਅਪਰਾਧਾਂ ਦਾ ਦੋ-ਤਿਹਾਈ ਹਿਸਾ ਸ਼ਰਾਬ ਦੇ ਨਸ਼ੇ ਵਿਚ ਕੀਤਾ ਜਾਂਦਾ ਸੀ। ਇਕ-ਤਿਹਾਈ ਸੜਕ ਹਾਦਸੇ ਸ਼ਰਾਬ ਪੀਣ ਕਰਕੇ ਹੁੰਦੇ ਸਨ। ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਵਿਚੋਂ ਅੱਧੇ ਇਸ ਕਾਰਨ ਮਰਦੇ ਸਨ ਕਿਉਂਕਿ ਸ਼ਰਾਬ ਪੀ ਕੇ ਗੱਡੀ ਚਲਾ ਰਹੇ ਹੁੰਦੇ ਸਨ। ਪੱਛਮੀ ਦੇਸ਼ਾਂ ਵਿਚ ਵੀ ਹਾਲਤ ਬਹੁਤ ਖਰਾਬ ਸੀ ਅਤੇ ਹਾਲੇ ਵੀ ਹੈ। ਇਕੱਲੇ ਅਮਰੀਕਾ ਵਿਚ ਇਕ ਕਰੋੜ ਬੰਦੇ ਸ਼ਰਾਬ ਦੀ ਆਦਤ ਕਾਰਨ ਜਾਂ 'ਅਲਕੋਹਲੀ' ਹੋ ਗਏ ਹਨ ਜਾਂ ਬਹੁਤੀ ਸ਼ਰਾਬ ਪੀਣ ਨਾਲ ਸਬੰਧਤ ਬੀਮਾਰੀਆਂ ਦੇ ਸ਼ਿਕਾਰ ਹਨ। ਪੱਛਮੀ ਜਰਮਨੀ ਦੇ 97 ਫੀਸਦੀ ਬਾਲਗ ਸ਼ਰਾਬ ਪੀਂਦੇ ਹਨ, ਇਨ੍ਹਾਂ ਵਿਚੋਂ ਕੋਈ ਵੀਹ ਲੱਖ ਇਸ ਦੇ ਆਦੀ ਹੋ ਚੁੱਕੇ ਹਨ। ਫਰਾਂਸ ਵਿਚ ਸ਼ਰਾਬਨੋਸ਼ੀ ਹਰ ਸਾਲ ਚਾਲੀ ਹਜ਼ਾਰ ਬੰਦਿਆਂ ਦੀ ਜਾਨ ਲੈ ਲੈਂਦੀ ਹੈ।

ਪਿਛਲੇ ਦੋ ਤਿੰਨ ਸਾਲਾਂ ਦੀ ਜ਼ੋਰਦਾਰ ਮੁਹਿੰਮ ਕਾਰਨ ਗੋਰਬਾਚੋਵ ਨੂੰ ਆਪਣੇ ਦੇਸ਼ ਅੰਦਰ ਇਸ ਕਾਰਜ ਵਿਚ ਕਿੰਨੀ ਸਫਲਤਾ ਮਿਲੀ ਹੈ, ਇਸ ਬਾਰੇ ਪੱਕੇ, ਭਰੋਸੇਯੋਗ ਅੰਕੜੇ ਪ੍ਰਾਪਤ ਨਹੀਂ ਹਨ। ਉਂਜ ਅਸਰ ਕਾਫੀ ਹੋਇਆ ਹੈ — ਇਸ ਗੱਲ ਦੀ ਗੁਆਹੀ ਜ਼ਰੂਰ ਮਿਲਦੀ ਹੈ। ਹਰ ਦੇਸ਼, ਹਰ ਕੌਮ ਵਿਚ ਪ੍ਰਚੱਲਤ ਲਤੀਫੇ ਕਿਉਂਕਿ ਉਸ ਦੇਸ਼, ਕੌਮ ਦੇ ਸਮਾਜਕ ਜੀਵਨ ਦਾ ਪ੍ਰਤੀਬਿੰਬ ਹੁੰਦੇ ਹਨ, ਇਸ ਲਈ ਸਹੀ ਅਵਸਥਾ ਦੀ ਚਾਸ਼ਨੀ ਚੱਖਣ ਲਈ ਅਸੀਂ ਉਥੋਂ ਦੇ ਲਤੀਫਿਆਂ ਦੀ ਮੱਦਦ ਲੈ ਸਕਦੇ ਹਾਂ :

ਕਹਿੰਦੇ ਨੇ ਗੋਰਬਾਚੋਵ ਨੇ ਇਕ ਦਿਨ ਸੋਚਿਆ ਕਿ ਪਤਾ ਕਰਨਾ ਚਾਹੀਦਾ ਹੈ ਕਿ ਸ਼ਰਾਬ ਦੇ ਖਿਲਾਫ ਚਾਲੂ ਕੀਤੇ ਗਏ 'ਧਰਮ-ਯੁੱਧ' ਦਾ ਕੋਈ ਅਸਰ ਹੋਇਆ ਹੈ ਕਿ ਨਹੀਂ। ਪੁਰਾਣੇ ਜ਼ਮਾਨੇ ਦੇ ਬਾਦਸ਼ਾਹਾਂ ਵਾਂਗ ਉਸ ਵੀ ਭੇਸ ਬਦਲਿਆ ਅਤੇ ਮਾਸਕੋ ਵਿਚ ਨਿਕਲ ਤੁਰਿਆ। ਇਕ ਰੈਸਟੋਰੈਂਟ ਵਿਚ ਜਾ ਬੈਠਾ। ਖਾਣ ਪੀਣ ਦਾ ਕੁਝ ਆਰਡਰ ਦਿੱਤਾ ਅਤੇ ਖਾਧਾ ਪੀਤਾ ਵੀ। ਫਿਰ ਬੈਰੇ ਨੂੰ ਇਸ਼ਾਰਾ ਕਰਕੇ ਕੋਲ ਸੱਦਿਆ ਅਤੇ ਭੇਦਭਰੀ ਆਵਾਜ਼ 'ਚ ਕਿਹਾ: "ਦੋਸਤ, ਕੁਝ ਗੱਲ ਨਹੀਂ ਬਣ ਰਹੀ। ਜੇ ਰਤਾ ਘੁੱਟ ਦਾਰੂ ਦਾ ਮਿਲ ਜਾਂਦਾ।" ਯਾਦ ਰਹੇ ਉਥੇ ਰੈਸਟੋਰੈਂਟਾਂ, ਹੋਟਲਾਂ, ਚਾਹ-ਖਾਨਿਆਂ ਵਿਚ ਦਾਰੂ ਪੀਣਾ ਪਿਲਾਉਣਾ ਬੰਦ ਕਰ ਦਿੱਤਾ ਗਿਆ ਹੈ)। ਬਹਿਰੇ ਨੇ ਉਸੇ ਤਰ੍ਹਾਂ ਦੀ ਭੇਤਭਰੀ ਆਵਾਜ਼ ਵਿਚ ਕਿਹਾ : "ਕੋਈ ਸਮੱਸਿਆ ਨਹੀਂ।" ਤੇ ਉਹ ਚਾਹ ਦੇ ਪਿਆਲੇ 'ਚ ਤੁਰੰਤ ਪੈਗ ਪਾ ਲਿਆਇਆ। ਫਿਰ ਦੂਜਾ ਤੇ ਫਿਰ ਤੀਜਾ। ਗੋਰਬਾਚੋਵ ਨੇ ਟੈਸਟ ਕਰਨ ਲਈ ਕਿਹਾ : "ਦੋਸਤ, ਇਕ ਇਕ ਪੈਗ ਨਾਲ ਕੁਝ ਬਣਦਾ ਨਹੀਂ। ਜੇ ਕਿਤੇ ਬੋਤਲ ਈ ਮਿਲ ਜਾਂਦੀ।" ਬੈਰੇ ਨੇ ਉਤਰ ਦਿੱਤਾ "ਕੋਈ ਮੁਸ਼ਕਲ ਨਹੀਂ।" ਤੇ ਉਹ ਅਖਬਾਰ 'ਚ ਵਲੇਟ ਕੇ ਪੂਰੀ ਬੋਤਲ ਲੈ ਆਇਆ। ਗੋਰਬਾਚੋਵ ਨੇ ਉਸ ਨੂੰ ਵੱਡੀ ਟੇਪ . ਟਿੱਪ ਦਿੱਤੀ ਅਤੇ ਮੁਸਕਰਾ ਕੇ ਕਿਹਾ : "ਮੇਰੇ ਘਰ ਪਾਰਟੀ ਹੈ, ਜੇ ਬੋਤਲਾਂ ਦਾ ਕੇਸ ਹੀ ਮਿਲ ਜਾਵੇ, ਪਾਰਟੀ ਦਾ ਰੰਗ ਬੱਝ ਜਾਵੇ।" ਬੈਰੇ ਨੇ "ਕੋਈ ਮੁਸ਼ਕਲ ਨਹੀਂ ਕਹਿ, ਕਾਰ ਦੀ ਚਾਬੀ ਮੰਗੀ ਅਤੇ ਬਾਹਰ ਖੜ੍ਹੀ ਕਾਰ ਵਿਚ ਸ਼ਰਾਬ ਦੀਆਂ ਬੋਤਲਾਂ ਦਾ ਡੱਬਾ ਰੱਖ ਆਇਆ। ਗੋਰਬਾਚੋਵ ਨੇ ਉਸ ਨੂੰ ਬਿਲ ਆਦਿ ਚੁਕਾਉਂਦਿਆਂ ਐਵੇਂ, ਦੋਸਤਾਨਾ ਲਹਿਜ਼ੇ ਵਿਚ ਪੁੱਛਿਆ : "ਯਾਰ, ਸਰਕਾਰ ਨੇ ਤਾਂ ਸ਼ਰਾਬ 'ਤੇ ਜ਼ਬਰਦਸਤ ਪਾਬੰਦੀ ਲਾਈ ਹੋਈ ਹੈ, ਤੁਸੀਂ ਇਹ ਕਾਰੋਬਾਰ ਕਿਵੇਂ ਕਰੀ ਜਾ ਰਹੇ ਹੋ ?" ਬੈਰੇ ਨੇ ਬੜੇ ਵਿਸ਼ਵਾਸ ਨਾਲ ਕਿਹਾ : "ਜੀ, ਅੰਦਰ ਜਾ ਕੇ ਮੈਨੇਜਰ ਨੂੰ ਕਹਿ ਦੇਈਦਾ ਬਾਹਰ ਗੋਰਬਾਚੋਵ ਦਾਰੂ ਮੰਗ ਰਿਹਾ ਏ, ਉਹ ਮਿੰਟ ਨਹੀਂ ਲਾਉਂਦਾ, ਦੇਣ ਲੱਗਾ।"

## ਸਵੈ-ਵਿਸ਼ਵਾਸ

ਏਸੇ ਤਰ੍ਹਾਂ ਕਹਿੰਦੇ ਨੇ ਕੋਈ ਸਰਕਾਰੀ ਉਚ ਅਧਿਕਾਰੀ ਕੰਮ-ਕਾਜ ਦੇ ਸਿਲਸਿਲੇ ਵਿਚ ਬਾਹਰ ਗਿਆ। ਪਿੱਛੋਂ ਉਸ ਦੀ ਪਤਨੀ ਨੇ ਆਪਣੇ ਪ੍ਰੇਮੀ ਨੂੰ ਪ੍ਰੇਮ-ਲੀਲ੍ਹਾ ਲਈ ਬੁਲਾ ਲਿਆ। ਉਹ ਬਿਸਤਰੇ 'ਚ ਪਏ ਸਨ ਜਦ ਬੂਹਾ ਜ਼ੋਰ ਦੀ ਖੜਕਿਆ। ਔਰਤ ਘਬਰਾ ਗਈ ਤੇ ਕਹਿਣ ਲੱਗੀ : "ਲੱਗਦਾ ਮੇਰੇ ਪਤੀ ਵਾਪਸ ਆ ਗਏ ਨੇ।" ਪ੍ਰੇਮੀ ਸਵੈ-ਵਿਸ਼ਵਾਸ ਨਾਲ ਲੇਟਿਆ ਰਿਹਾ ਤੇ ਕਹਿੰਦਾ : "ਤਾਂ ਕੀ ਏ ? ਅਸੀਂ ਕਿਹੜਾ ਸ਼ਰਾਬ ਪੀ ਰਹੇ ਹਾਂ।"

MORTGAGE
MONEY?

High mortgage amounts available
on conventional basis
No insurance fees!
Purchasing or re-financing

Bad credit
rating?
Turn Down?

NO PROBLEM
Residential, Commercial, Motels &
Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.
8 YEARS EXPERIENCE
SHERALI VELJI
Monday to Friday 9.30 to 5.30
Saturday 11-4
Ph. 433-6391
Ste. 300-3665 Kingsway Vancouver, B.C
Res: 433-7975

ਵਪਾਰ ਵਿਚ ਵਾਧੇ ਲਈ
ਯਾਦ ਰੱਖੋ

ਕੈਨੇਡਾ ਦਰਪਣ

# The Manitoba Mirror

# ਮੈਨੀਟੋਬਾ ਦਰਪਣ


ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ

**ਰਾਜ ਸਿੰਘ ਮਾਨ**

ਨੂੰ ਮਿਲੋ

- ਲਾਈਫ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

NORTH AMERICAN LIFE

RRSP

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

**V.I.P. SUPERMARKET**
739, Elice Ave. WINNIPEG, MAN.

## Moti Flour Industries

620 - Sophia St., SELKIRK — MAN.

**Ph. 204-482-4111**
**Or. 204-785-1054**

**100% ਡੁਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ

## Bombay Fashions & Fabrics

720 — SARGENT AVE. WINNIPEG, MAN. R3E 0B2 **PH. 783-0904**

ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਲੇਟੇਸਟ ਡੀਜ਼ਾਇਨਾਂ ਅਤੇ ਭਾਰੀ ਵਰਾਇਟੀ ਦਾ
ਸਭ ਤੋਂ ਵੱਡਾ ਇਕੋ ਇਕ ਸਟੋਰ ਜਿਥੇ ਹਰ ਸਮੇਂ ਮਿਲਦੇ ਹਨ

- ਪੰਜਾਬੀ ਇਕ ਪੀਸ, ਦੋ ਪੀਸ ਤੇ ਤਿੰਨ ਪੀਸ ਸੂਟ
- ਹਰ ਤਰ੍ਹਾਂ ਦੀਆਂ ਇੰਡੀਆਂ ਦੀ ਸਿਲਕ ਦੀਆਂ ਅਤੇ ਜਾਪਾਨੀ ਸਾੜ੍ਹੀਆਂ
- ਵਿਆਹ ਸ਼ਾਦੀ ਦਾ ਸਾਰਾ ਸਮਾਨ ਲਹਿੰਗੇ, ਸੂਟ ਅਤੇ ਸਾੜ੍ਹੀਆਂ ਵੀ
- ਹਿੰਦੁਸਤਾਨੀ ਹਾਰ ਸ਼ਿੰਗਾਰ ਦਾ ਸਾਰਾ ਸਮਾਨ
- ਬੱਚਿਆਂ ਲਈ ਫੈਨਸੀ ਲਹਿੰਗੇ ਸੂਟ
- ਆਦਮੀਆਂ ਅਤੇ ਮੁੰਡਿਆਂ ਲਈ ਰੈਡੀਮੇਡ ਕੁੜਤੇ ਪਜਾਮੇ
- ਲੇਡੀਜ ਦੇ ਰੈਡੀਮੇਡ ਸੂਟ
- ਸ਼ਾਲ ਅਤੇ ਬਹੁਤ ਵਰਾਇਟੀ ਵਿਚ ਗੋਟਾ-ਕਿਨਾਰੀ

ਕੁਆਲਿਟੀ ਵਧੀਆ ਅਤੇ ਕੀਮਤਾਂ
ਬਿਲਕੁਲ ਵਾਜਬ
ਆਉ ਤੇ ਅਜ਼ਮਾ ਕੇ ਦੇਖੋ !!

**ਬੰਬੇ ਫੈਸ਼ਨਜ਼ ਅਤੇ ਫੈਬਰਿਕਸ**



## ਵੀਕਲੀ ਫੀਚਰ

# ਬੱਚਿਆਂ ਦੇ ਮਸਲੇ

ਵਲੋਂ — ਵਿਦਿਆਰਥੀ



**ਸਮੇਂ ਦੀ ਯੋਗ ਵਰਤੋਂ ਨਾ ਕਰਨਾ :** ਕਈ ਮਾਂ ਬਾਪ ਸ਼ਿਕਾਇਤ ਕਰਦੇ ਹਨ ਕਿ ਉਹਨਾਂ ਦਾ ਬੱਚਾ ਸੁਸਤ ਹੈ ਜਾਂ ਆਵਾਰਾ ਗਰਦੀ ਕਰਦਾ ਰਹਿੰਦਾ ਹੈ। ਸਮਾਂ ਅਜਾਈਂ ਗੁਆਉਂਦਾ ਹੈ। ਯੋਗ ਵਰਤੋਂ ਨਹੀਂ ਕਰਦਾ। ਸ਼ਿਕਾਇਤ ਕਰਦੇ ਹਨ ਕਿ ਬੱਚਾ ਢਿੱਲੜ ਹੈ। ਕਈ ਬੱਚੇ ਆਦਤਨ ਹੀ ਕੰਮ ਨੂੰ ਲਮਕਾਉਂਦੇ ਜਾਂ ਜਾਣਕੇ ਟਾਲ ਦਿੰਦੇ ਹਨ। ਇਹੋ ਜਿਹੀਆਂ ਗੱਲਾਂ ਹੋ ਸਕਦੀਆਂ ਹਨ। ਜਿਸਮਾਨੀ ਤੇ ਦਿਮਾਗੀ ਵਿਕਾਸ ਦੇ ਪੱਖੋਂ, ਬੱਚੇ (10 ਸਾਲ ਦੀ ਉਮਰ ਦੇ) ਹੌਲੀ ਹੌਲੀ ਸਿਖਦੇ ਹਨ। ਆਮ ਬੱਚੇ ਵਿਕਾਸ ਅਤੇ ਤਬਦੀਲੀ ਦੀ ਧਾਰਣਾ (ਸੰਕਲਪ) ਨੂੰ ਸਮਝਦੇ ਹਨ। ਬੱਚਿਆਂ ਨੂੰ ਸਮੇਂ ਦੀ ਪਾਬੰਦੀ ਅਤੇ ਟੀਚੇ ਨੂੰ ਪ੍ਰਾਪਤ ਕਰਨ ਲਈ ਅਗਾਊਂ ਹੀ ਪਲੈਨ ਬਣਾਉਣਾ ਸਿਖਾਉਣਾ ਚਾਹੀਦਾ ਹੈ। ਛੇ ਜਾਂ ਸੱਤ ਅੱਠ ਸਾਲ ਦੇ ਬੱਚੇ ਨੂੰ ਤਾਂ ਇਸ ਕੰਮ ਲਈ ਗਾਈਡ ਕਰਨਾ ਪਵੇਗਾ।

ਸਮੇਂ ਨੂੰ ਮਾਪਿਆਂ ਤੇ ਬੱਚਿਆਂ (ਜਾਂ ਆਪਸੀ ਬੱਚਿਆਂ) ਵਿਚਕਾਰ ਮਨੋਵਿਗਿਆਨਕ ਕਸ਼ਮਕਸ਼ (ਵਿਰੋਧ) ਲਈ ਹਥਿਆਰ ਦੇ ਤੌਰ ਤੇ ਵਰਤਿਆ ਜਾਂਦਾ ਹੈ। ਜਿਹੜੇ ਬੱਚਿਆਂ ਉਪਰ ਮਾਪੇ ਜ਼ਿਆਦਾ ਜ਼ੋਰ ਅਜਮਾਈ ਕਰਦੇ ਹਨ, ਉਹ ਬੱਚੇ ਆਪਣਾ ਰੋਸ, ਬਗਾਵਤ ਤੇ ਆਜ਼ਾਦੀ ਦਾ ਪ੍ਰਗਟਾਵਾ ਸਮੇਂ ਨੂੰ ਨਸ਼ਟ ਕਰਨ ਦੁਆਰਾ ਕਰਦੇ ਹਨ। ਫਿਰ ਮਾਪੇ ਬੱਚਿਆਂ ਵਲ ਹੋਰ ਧਿਆਨ ਦਿੰਦੇ ਹਨ। ਬੱਚਿਆਂ ਵਿਚ ਵਾਰ ਵਾਰ ਨਿਘੋਚਾਂ ਕੱਢਣਾ ਤੇ ਨੁਕਤਾਚੀਨੀ ਕਰਨੀ ਠੀਕ ਨਹੀਂ — ਇਸ ਨਾਲ ਬੱਚੇ ਸੁਸਤੀ ਕਰਦੇ ਹਨ ਅਤੇ ਸੰਕੇਤ ਰਾਹੀਂ ਆਖਦੇ ਹਨ, "ਕੋਈ ਮੈਨੂੰ ਇਹ ਨਹੀਂ ਦਸ ਸਕਦਾ ਕਿ ਮੈਂ ਕੀ ਕਰਨਾ ਹੈ ਤੇ ਕਦੋਂ ਕਰਨਾ ਹੈ।" ਉਹਨਾਂ ਦੀ ਇਹ ਲਾਪ੍ਰਵਾਹੀ ਸਗੋਂ ਖੁਦ ਗਰਜ਼ੀ ਜਾਪਣ ਲਗਦੀ ਹੈ। ਉਹ ਜ਼ਿੱਦੀ ਹੋ ਸਕਦੇ ਹਨ।

ਬੱਚੇ ਅਣਸੁਖਾਵੀਆਂ ਜਾਂ ਡਰਾਉਣੀਆਂ ਹਾਲਤਾਂ ਤੋਂ ਬਚਣ ਦੀ ਕੋਸ਼ਿਸ਼ ਕਰਨ ਕਰਕੇ ਭੀ ਸਮੇਂ ਨੂੰ ਅਜਾਈਂ ਗੁਆਉਂਦੇ ਹਨ। ਆਲਸ ਰਾਹੀਂ ਭੀ ਕਈ ਘਟਨਾਵਾਂ ਜਾਂ ਕੰਮ ਕਰਨ ਤੋਂ ਕਤਰਾਇਆ ਜਾਂਦਾ ਹੈ। ਕਸ਼ਟ ਜਾਂ ਸਖਤ ਕੰਮ ਤੋਂ ਬਚਣ ਲਈ ਖਿਆਲੀ ਪੁਲਾਉ ਰਾਹੀਂ ਸਮਾਂ ਗੁਆਇਆ ਜਾਂਦਾ ਹੈ। ਮਨੋਵੇਗੀ ਬੱਚੇ ਜੋ ਪੂਰਨਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਭੀ ਸਮੇਂ ਦੀ ਅਯੋਗ ਵਰਤੋਂ ਕਰਦੇ ਹਨ। ਕਈ ਸਭਿਆਚਾਰਾਂ ਵਿਚ ਸਮੇਂ ਦੀ ਕਦਰ ਨਹੀਂ। ਜਿਹੜੇ ਬੱਚਿਆਂ ਨੂੰ ਮੁੱਢ ਤੋਂ ਹੀ ਹਰ ਰੋਜ਼ ਨਿਤ ਨੇਮ ਨਾਲ ਕੰਮ ਕਰਨ ਦੀ ਆਦਤ ਨਹੀਂ ਪਈ ਅਤੇ ਸਮੇਂ ਦੀ ਬੰਦਸ਼ ਅੰਦਰ ਕੰਮ ਪੂਰਾ ਕਰਨਾ ਨਹੀਂ ਆਇਆ, ਉਹ ਸਮੇਂ ਦੀ ਕਦਰ ਨਹੀਂ ਕਰਦੇ।

ਮਾਪਿਆਂ ਦੀਆਂ ਖਿਆਲੀ ਤੇ ਗਲਤ ਆਸਾਂ ਭੀ ਬੱਚੇ ਨੂੰ ਨਿਰਾਸ਼ ਕਰਦੀਆਂ ਤੇ ਸਿੱਟੇ ਵਜੋਂ ਸਮੇਂ ਦੀ ਯੋਗ ਵਰਤੋਂ ਤੋਂ ਪਰ੍ਹੇ ਧੱਕਦੀਆਂ ਹਨ। ਸੁਸਤ ਜਾਂ ਹੌਲੀ ਹੌਲੀ ਕੰਮ ਕਰਨ ਵਾਲੇ ਦੀ ਹਰ ਸਮੇਂ ਤੇ ਲਗਾਤਾਰ ਨੁਕਤਾਚੀਨੀ ਢਾਊ ਰੋਲ ਅਦਾ ਕਰਦੀ ਹੈ। ਕਈ ਸੁਸਤ ਬੱਚਿਆਂ ਦੀ ਸੁਰ ਜਾਂ ਇਕਸਾਰਤਾ ਹੀ ਸੁਸਤ ਹੁੰਦੀ ਹੈ ਅਤੇ ਇਸ ਨੂੰ ਦਬਾਅ ਨਾਲ ਬਦਲਣਾ ਗਲਤ ਹੈ। ਕਈ ਬਾਪ ਇਹ ਨਹੀਂ ਸਮਝਦੇ ਕਿ ਬੱਚਿਆਂ ਵਿਚਕਾਰ ਸਰੀਰਕ ਕ੍ਰਿਆ ਵਿਚ ਵਖਰੇਵਾਂ ਤੇ ਅੰਤਰ ਹੁੰਦਾ ਹੈ। ਕਈ ਨੁਕਸ ਕੁਦਰਤੀ ਹਨ। ਜਿਵੇਂ ਕਈ ਬੱਚਿਆਂ ਨੂੰ ਅਗਲਾ ਹਫਤਾ ਬਹੁਤ ਹੀ ਦੂਰ ਜਾਪੇਗਾ।

ਬੱਚੇ ਨੂੰ ਆਪਣੇ ਆਪ ਦੇ ਨਮੂਨੇ ਰਾਹੀਂ ਵਖਾਓ ਕਿ ਸਮੇਂ ਦੀ ਕਿਵੇਂ ਵਰਤੋਂ ਤੇ ਪਲੈਨ ਕਰਨੀ ਹੈ। ਜਿਵੇਂ ਸਮੇਂ ਸਿਰ ਤੇ ਸਮੇਂ ਦੇ ਅੰਦਰ ਮੂੰਹ ਹੱਥ ਧੋਣਾ, ਤਿਆਰ ਹੋਣਾ ਤੇ ਸਮੇਂ ਸਿਰ ਪਹੁੰਚਣਾ ਆਦਿ। ਬਹਾਨੇ ਲਾਉਣ ਦੀ ਆਦਤ ਨਾ ਪੈਣ ਦਿਉ। ਬੱਚਿਆਂ ਨੂੰ ਸਮੇਂ ਦੀ ਅਯੋਗ ਵਰਤੋਂ ਦੇ ਨਤੀਜਿਆਂ ਨੂੰ ਭੁਗਤਣ ਦਿਉ ਤੇ ਫਿਰ ਸਿਖਾਉ। ਜ਼ਿਮੇਂਵਾਰੀ ਅਨੁਭਵ ਨਾ ਕਰਨਾ ਅਤੇ ਦੂਜੇ ਦੇ ਹਾਵਾਂ ਭਾਵਾਂ ਦੀ ਕਦਰ ਨਾ ਕਰਨਾ ਭੀ ਬੱਚਿਆਂ ਲਈ ਹਾਨੀਕਾਰਕ ਹੈ। ਬੱਚੇ ਨੂੰ ਹੌਲੀ ਹੌਲੀ ਵਿਉਂਤ ਤੇ ਵਿਉਂਤ ਢੰਗ ਸਿਖਾਓ। ਸਮੇਂ ਸਿਰ ਕੰਮ ਕਰਨ ਦਾ ਇਨਾਮ ਦਿਉ। ਪ੍ਰਸੰਸਾ ਕਰੋ। ਬਹੁਤ ਸੁਸਤ ਬੱਚਿਆਂ ਨੂੰ ਉਤਸ਼ਾਹਤ ਕਰੋ ਕਿ ਉਹ ਸਮੇਂ ਸਿਰ ਕੰਮ ਕਰ ਸਕਦੇ ਹਨ। ਬੱਚੇ ਨੂੰ ਸਮਝਾਉ ਕਬੂਤਰ ਦੇ ਅੱਖ ਮੀਟਣ ਨਾਲ ਬਿੱਲੀ ਨਹੀਂ ਜਾਣੀ। ਮਸਲੇ ਦਾ ਸਾਹਮਣਾ ਕਰਨਾ (ਉਮਰ ਦੇ ਅਨੁਸਾਰ) ਸਿਖਾਓ ਵਿਘਨ ਤੇ ਬੇ-ਚੈਨੀ ਘਟਾਉ। ਬੱਚੇ ਵਿਚ ਸਵੈ-ਅਨੁਸ਼ਾਸਨ ਪੈਦਾ ਕਰੋ। ਬੱਚਿਆਂ ਨਾਲ ਵਿਚਾਰ ਵਟਾਂਦਰਾ ਕਰੋ ਦੱਸੋ ਕਿ ਸਮੇਂ ਨੂੰ ਅਯੋਗ ਗੁਆਉਣਾ ਕਿੰਨਾ ਹਾਨੀਕਾਰਕ ਹੈ। ਸਦਾ ਹੀ ਸੰਪੂਰਣਾ ਦੀ ਆਸ ਤੇ ਭਾਵਨਾਂ ਭੀ ਠੀਕ ਨਹੀਂ। ਕਿਉਂਕਿ ਜੇ ਇਹ ਨਜ਼ਰ ਨਾ ਆਵੇ ਤਾਂ ਲਾਇਕ ਬੱਚਾ ਭੀ ਜਕਦਾ ਤੇ ਸਿੱਟੇ ਵਜੋਂ ਕਤਰਾਉਂਦਾ ਤੇ ਗੱਲ ਪਿਛੇ ਪਾਉਂਦਾ ਹੈ। ਬੱਚਾ ਸਵੈ ਗਲਬਾਤ ਨਾਲ ਭੀ ਹਲ ਭਾਲ ਸਕਦਾ ਹੈ। ਪਰ ਮਾਪਿਆਂ ਦਾ ਮੁੱਢ ਤੋਂ ਹੀ ਅਹਿਮ ਰੋਲ ਹੈ ਕਿ ਬੱਚਾ ਸਮੇਂ ਦੀ ਯੋਗ ਵਰਤੋਂ ਸਿਖੇ।

---

## ਵਿਅੰਗ

# ਮਸਲੇ ਦਾ ਹੱਲ

ਬਿਪਨ ਗੋਇਲ

ੲ ਅਸੀਂ ਇੱਕੀਵੀਂ ਸਦੀ ਵੱਲ ਵੱਧ ਰਹੇ ਹਾਂ ?

ੲ ਦਿਆਲ ਸਿੰਘ ਦੁਖੀ ਆਪਣੇ ਸ਼ਹਿਰ ਦੀ 'ਪੀੜਿਤ ਲੇਖਕ ਸਮਿਤੀ' ਦਾ ਪ੍ਰਧਾਨ ਹੈ, ਤੇ ਮੇਰਾ ਨਿੱਘਾ ਮਿੱਤਰ। ਕੁਝ ਪੀੜਿਤ ਲੇਖਕਾਂ ਦੀ ਰਾਏ ਤੇ ਸਹਿਯੋਗ ਨਾਲ ਬਣੀ ਇਹ ਸਮਿਤੀ ਬਹੁਤ ਵਧੀਆ ਤੇ ਮਹੱਤਵ ਪੂਰਣ ਕੰਮ ਕਰ ਰਹੀ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਦੁਖੀ ਹੀ ਪ੍ਰਧਾਨ ਕਿਉਂ ਚੁਣਿਆ ਗਿਆ ? ਕੀ ਉਹ ਵਾਕਈ ਤਖੱਲੁਸ ਵਾਂਗ ਜ਼ਿਆਦਾ ਦੁਖੀ ਹੈ ? ਜਿਸ ਕਰਕੇ ਸਾਥੀ ਲੇਖਕਾਂ ਨੇ ਉਹਨੂੰ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ ! ਤੁਹਾਨੂੰ ਪਤਾ ਹੋਵੇ ਜਾਂ ਨਾਂਹ...ਮੈਂ ਕੀ ਲੈਣਾ ? ਮੈਂ ਜ਼ਰੂਰ ਜਾਣਦਾ ਹਾਂ ਤੇ ਇਕ ਮਿੱਤਰ ਹੋਣ ਨਾਤੇ, ਮਿੱਤਰ ਦੇ ਦੁੱਖ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਮਹਿਸੂਸ ਵੀ ਕਰਦਾ ਹਾਂ। ਉਹਨਾਂ ਦੇ ਦੁੱਖ ਦਾ ਮੇਜਰ ਕਾਰਣ, ਉਹਨਾਂ ਦੀ ਕਿਤਾਬ ਦਾ ਦੋ ਸਾਲਾਂ ਦਾ ਵਿੱਚੇ ਲਟਕੇ ਹੋਣਾ ਹੈ। ਬਿਲਕੁਲ ਉਂਝ ਹੀ — ਜਿਵੇਂ ਅਸਮਾਨ ਤੋਂ ਖਜੂਰ ਡਿੱਗ ਕੇ, ਖਜੂਰ ਤੇ ਹੀ ਅਟਕ ਜਾਵੇ।

— ਮਸਲਾ ਸਿਰਫ ਕਾਅਦੇ ਦਾ ਹੈ।

ਡਾ: ਸਾਹਿਬ ਕਹਿੰਦੇ ਹਨ : ਮੈਂ ਮੁਖ-ਬੰਦ ਲਿਖਾਈ ਗਿਆਰਾਂ ਰੁਪਏ ਤੇ ਇਕ ਪਊਆ ਲੈਂਦਾ ਹਾਂ।

— ਮਸਲਾ ਸਿਰਫ ਕਾਅਦੇ ਦਾ ਹੈ।

ਦੁਖੀ ਸਾਹਿਬ ਕਹਿੰਦੇ ਹਨ : ਮੈਂ ਅਧੀਆ ਤਾਂ ਦੇਣ ਨੂੰ ਤਿਆਰ ਹਾਂ। ਪਰ ਆਹ ਗਿਆਰਾਂ ਰੁਪਏ ਮੇਰੇ ਕੋਲ ਨਹੀਂ ਹਨ !

— ਦੁਖੀ ਆਪਣੀ ਥਾਂ ਸੱਚਾ ਹੈ।

ਅਤੇ

— ਡਾ: ਸਾਹਿਬ ਆਪਣੀ ਥਾਂ ਸੱਚੇ ਹਨ।

ਦੋਹਾਂ ਦਾ ਆਪੋ ਆਪਣਾ ਦੁੱਖ ਹੈ, ਤੇ ਮੇਰਾ ਦੁੱਖ ਇਹ ਹੈ ਕਿ ਦੁਖੀ ਨੇ ਆਪਣਾ ਇਹ ਦੁੱਖ ਮੈਨੂੰ ਸਿੱਧੇ ਤੌਰ ਤੇ ਨਹੀਂ ਦੱਸਿਆ। (ਮੇਰੇ ਕੋਲ ਗੱਲ ਤਾਂ ਉਡਦੀ ਉਡਦੀ ਪੁੱਜੀ ਸੀ) ਫੇਰ ਵੀ ਮੈਂ ਸੱਚੇ ਮਿੱਤਰ ਹੋਣ ਦਾ ਸਬੂਤ ਦਿੱਤਾ ਸੀ। (ਹਾਲਾਂ ਕਿ ਸੱਚੇ ਮਿੱਤਰ ਦੇ ਨਾਂਅ ਵਰਗੀ ਸ਼ੈਅ ਕਿਧਰੇ ਵੀ ਨਹੀਂ ਮਿਲਦੀ)।

**ਇੱਟ ਤੇ ਕੁੱਤਾ :—**

ਹਾਂ !

ਉਹਦੀ ਕਿਤਾਬ ਦੇ ਵਿੱਚੇ ਲਟਕੇ ਹੋਣ ਦਾ ਕਾਰਣ ਸੀ ! ਮੁੱਖ-ਬੰਦ ਦੀ ਘਾਟ

ਦੁਖੀ ਦੇ ਦੁੱਖ ਨੂੰ ਨਾ ਵੇਖ ਸਕਦੇ ਹੋਣ ਕਾਰਣ ਮੈਂ ਸਿੱਧੇ ਤੌਰ ਤੇ ਦੁਖੀ ਨੂੰ ਮਿਲਿਆ। ਉਹਨੂੰ ਸਲਾਹ ਦਿੱਤੀ। "ਭਲਿਆ ਮਾਣਸਾ, ਆਹ ਮੁੱਖ-ਬੰਦ ਬਿਨਾਂ ਕਿਤਾਬ ਨੀ ਛਾਪੀ ਜਾਂਦੀ, ਤੇਰੇ ਕੋਲੋਂ ? ਪਰ ਉਹ ਪੂਰੀ ਗੱਲ ਸੁਣੇ ਬਿਨਾਂ ਹੀ ਚਿੱਲਾਇਆ। ... ਤੂੰ ਸਾਹਿਤਕਾਰ ਹੋਵੇਂ, ਤਾਂ ਈ ਪਤਾ ਲੱਗੇ ਤੈਨੂੰ....ਕਿ ਮੁੱਖ-ਬੰਦ ਦੀ ਕਿੰਨੀ ਵੈਲਯੂ ਹੁੰਦੀ ਹੈ ? ...ਉਏ ਤੁਸੀਂ ਕਿਸੇ ਉਚੇ ਲੇਖਕ ਅਫਸਰ ਨਾਲ ਸਬੰਧ ਬਣਾਉਣੇ ਹੋਣ... ਇਹੀ ਤਾਂ ਇੱਕੋ ਇਕ ਢੰਗ ਹੈ ...ਜਿਸ ਨਾਲ ਉਹਨੂੰ ਬੇਵਕੂਫ ਬਣਾ ਕੇ ਆਪਣੇ ਸਾਰੇ ਅਗਲੇ ਪਿਛਲੇ ਅੜੇ ਹੋਏ ਕੰਮ ਕਢਾ ਸਕਦੇ ਹੋ। ... ਉਏ, ਇਹ ਤਾਂ ਆਬਲੀਗੇਸ਼ਨ ਹੁੰਦੀ ਹੈ...ਤੇ ਮੈਂ ਇਕ ਆਬਲੀਗੇਸ਼ਨ ਲਈ ਗਿਆਰਾਂ ਰੁਪਏ ਦੇਵਾਂ....ਨਹੀਂ ...ਨਹੀਂ...ਇਹ ਮੇਰੇ ਵੱਸ ਦੀ ਗੱਲ ਨਹੀਂ...ਇਹ ਕਦੇ ਨਹੀਂ ਹੋ ਸਕਦਾ...।"

ਸੱਚ ਮੁੱਚ ਮੈਨੂੰ ਨਾ ਜਾਪਣ ਵਾਲੀ ਗੱਲ ਲਗਦੀ ਸੀ !

ੲੲ

ਡਾ: ਪਿਪਲੇਤਰ ਸਿੰਘ ਜੀ ਨਾਲ ਵੀ ਮੇਰੀ ਗੂੜ੍ਹੀ ਵਾਕਫੀਅਤ ਸੀ, ਬਹੁਤ ਦੇਰ ਪਹਿਲਾਂ ਦੀ। ਸੋਚਿਆ, ਡਾ: ਸਾਹਿਬ ਹੁਰਾਂ ਨੂੰ ਹੀ ਬੇਨਤੀ ਕਰ ਕੇ ਵੇਖ ਲਈਏ ਕੀ ਪਤਾ ਲਗਦੈ ਕਿ ਕਸ਼ਟ ਕੱਟ ਹੀ ਜਾਵੇ ਤੇ ਸੱਚੇ ਮਿੱਤਰ ਦੀ ਉਦਾਸੀ ਨਾਲ ਭਰੀ ਜ਼ਿੰਦਗੀ ਨੂੰ ਹਾਸਿਆਂ ਨਾਲ ਭਰ ਦਿੱਤਾ ਜਾਵੇ। ਪਰ ਡਾ: ਪਿਪਲੇਤਰ ਸਿੰਘ ਜੀ ਵੀ ਵੱਢੇ ਕੁੱਤੇ ਆਂਗੂੰ ਕੁੱਦ ਕੇ ਪੈਂਦੇ ਹਨ —

..."ਬਈ ...ਦੋਸਤੀ ਇਕ ਪਾਸੇ...ਇਹ ਮੇਰੇ ਅਸੂਲ ਦੀ ਗੱਲ ਹੈ। ਮੈਂ ਆਪਣੇ ਅਸੂਲ ਕਦੇ ਨਹੀਂ ਛੱਡ ਸਕਦਾ। ਬਿਲਕੁਲ ਨਹੀਂ ...।" ਉਹ ਆਪਣੀ ਥਾਂ ਸੀਮਿੰਟ 'ਚ ਗੱਡੇ ਖੰਭੇ ਵਾਂਗ ਸਥਿਰ ਹਨ।

ਪਤਾ ਨਹੀਂ ਕੀ ਗੱਲ ? ਮੈਨੂੰ ਵੀ ਉਹਨਾਂ ਦਾ ਗੁੱਸਾ ਵੇਖਦਿਆਂ ਹੀ ਗੁੱਸਾ ਚੜ੍ਹ ਗਿਆ, "ਕਮਾਲ ਦੀ ਗੱਲ ਐ...ਅਸੂਲ...ਅਸੂਲ...ਅਸੂਲ...!!! ਕਿੱਥੇ ਦਿਖਦੇ ਨੇ ਅਸੂਲ ?"

ਅਚਾਨਕ ਖਜੂਰ ਤੇ ਚੜ੍ਹੇ ਗੁੱਸੇ ਨੂੰ ਖਿਆਲ ਆਇਆ ਤੇ ਦੁਖੀ ਖਾਤਰ ਸਮਝਾਉਣਾ ਸ਼ੁਰੂ ਕੀਤਾ, "ਡਾ: ਪਿਪਲੇਤਰ ਸਿੰਘ ਜੀ, ਅਸੂਲ ਅਸਾਲ ਤਾਂ ਕਹਿਣ ਕਹਾਉਣ ਨੂੰ ਹੁੰਦੇ ਨੇ ਅੰਦਰੋ-ਗਤੀ ਸਭ ਹੋਈ ਜਾਂਦੈ। ਕੌਣ ਪਰਵਾਹ ਕਰਦੈ ਅਸੂਲਾਂ ਦੀ ?" ਇਹਨਾਂ ਦੇ ਅਸੂਲਾਂ ਨੂੰ ਵੇਖਦਿਆਂ ਹੀ ਯਾਦ ਆਇਆ— "ਬਾਈ ਜੀ ਤੂੰ ਊਈਂ ਦਿਮਾਗ ਖਰਾਬ ਕਰੀ ਜਾਣੈ ..। ਉਏ, ਇਹ ਕਿਹੜਾ ਸਰਕਾਰ ਦੇ ਬਣਾਏ ਅਸੂਲ ਨੇ, ਜਿਹੜੇ ਟੁੱਟ ਜਾਣਗੇ ... ਪਰਸਨਲ ਅਸੂਲ ਕਦੇ ਨਹੀਂ ਟੁੱਟਦੇ ਹੁੰਦੇ...ਸਗੋਂ ਪਰਸਨਲ ਅਸੂਲਾਂ ਕਰ ਕੇ ਕਈ ਵਾਰੀ ਤਾਂ ਸਰਕਾਰ ਦੇ ਅਸੂਲ ਵੀ ਤੋੜਨੇ ਪੈਂਦੇ ਨੇ ....!

**ਭੇਡ ਦਾ ਜ਼ੁਕਾਮ :—**

ਦੁਖੀ ਕਹਿੰਦਾ ਹੈ—ਮੈਂ ਲੇਖਕ ਹਾਂ...। ਮੇਰੇ ਹਾਲ ਤੇ ਰਹਿਮ ਕਰੋ ..। ਆਲੋਚਕੋ, ਕਿਉਂ ਮੇਰੀ ਕਲਮ ਨੂੰ ਚੱਲਣੋਂ ਰੋਕਦੇ ਹੋ ? ਆਲੋਚਕ ਨੂੰ ਤਾਂ ਖੁਦ ਸਮਝਦਾਰ ਹੋਣਾ ਚਾਹੀਦੈ, ਕਦੇ ਲੇਖਕ ਦੀ ਜੇਬ 'ਚ ਨਕਦੀ ਵੀ ਟਿਕਦੀ ਹੈ ? ਲੇਖਕ ਤਾਂ ਇਕ ਕਲਾਕਾਰ ਹੁੰਦਾ ਹੈ, ਤੇ ਕਲਾਕਾਰ ਦਾ ਧਰਮ ਹੁੰਦਾ ਹੈ, ਸਿਗਰਟਾਂ ਫੂਕਣਾ ਤੇ ਦਾਰੂ ਪੀਣੀ। ਇਹਨਾਂ ਬਿਨਾਂ ਤਾਂ ਕਲਾਕਾਰ ਜੀਵਿਤ ਹੀ ਨਹੀਂ ਰਹਿ ਸਕਦਾ। ਨਾਲੇ ਜਦੋਂ ਉਹਦੀ ਜੇਬ 'ਚ ਪੈਸੇ ਆਉਂਦੇ ਵੀ ਹਨ, ਉਹ ਇਹਨਾਂ ਦੋਹਾਂ 'ਚੋਂ ਕਿਸੇ ਇਕ ਚੀਜ਼ ਵੱਲ ਭੱਜਦਾ ਹੈ ਜਿਹੜੀ ਨੇੜਿਉਂ ਮਿਲਦੀ ਹੈ। ਸਿੱਧ ਪੱਧਰੀ ਗੱਲ ਤਾਂ ਇਹ ਹੈ, ਲੇਖਕ ਦੀ ਜੇਬ 'ਚ ਪੈਸੇ ਆਉਂਦੇ ਹੀ ਕਿੱਥੋਂ ਹਨ ? ਜੀਹਦੇ ਆਉਂਦੇ ਹਨ, ਉਹਦੀ ਬੀਵੀ ਹੂੰਝਾ ਮਾਰ ਲੈਂਦੀ ਹੈ। ਲੇਖਕ ਤਾਂ ਵਿਚਾਰਾ ਨਾ-ਸਮਝ ਹੁੰਦਾ ਹੈ, ਤੇ ਭੋਲਾ ਵੀ। ਤੁਸੀਂ ਖੁਦ ਦੱਸੋ, ਜੇ ਲੇਖਕ ਨੂੰ ਸਮਝ ਆਉਣ ਲੱਗੇ ਬਈ ਪੈਸਾ ਖਰਚਣਾ ਕਿਵੇਂ ਹੈ ਤਾਂ ਉਹ ਲੇਖਕ ਹੀ ਰਹੇਗਾ ? ਨਹੀਂ ! ਕਦੇ ਨਹੀਂ !! ਉਹ ਉਦੋਂ ਲੇਖਕ ਨਹੀਂ ਰਹਿੰਦਾ, ਆਲੋਚਕ ਬਣ ਜਾਂਦਾ ਹੈ !

**ਨਜ਼ਲਾ**

ਮੇਰਾ ਸਿਰ ਚਕਰਾਉਣ ਲੱਗ ਪਿਆ।

ਮੈਂ ਐਵੇਂ ਹੀ ਵਿਚ ਪੰਗਾ ਲੈ ਲਿਆ। ਅਤੇ ਸੋਚਿਆ — ਜ਼ੁਕਾਮ ਦਾ ਨਜ਼ਲਾ ਸੁਝਾਅ ਦੇ ਕੇ ਹੀ ਸਿੱਟਿਆ ਜਾ ਸਕਦਾ ਹੈ ! ਏਸ ਲਈ ਸੁਝਾਅ ਦਿੱਤਾ —

—"ਏਸ ਸਾਹਿਤਕ ਮਸਲੇ ਦਾ, ਰਾਜਨੀਤਕ ਹੱਲ ਲੱਭਿਆ ਜਾਵੇ।"

ਸਦਾ ਇੰਝ ਹੀ ਹੁੰਦਾ ਆਇਆ ਹੈ, ਤੇ ਇੰਝ ਹੀ ਹੁੰਦਾ ਰਹੇਗਾ। ਮਸਲੇ ਕਦੇ ਵੀ ਹੱਲ ਨਹੀਂ ਹੁੰਦੇ। ਉਹ ਮਸਲਾ ਹੀ ਕੀ, ਜਿਹੜਾ ਹੱਲ ਹੋ ਗਿਆ।

ਅਸੀਂ ਇਹੀ ਸਿਖਿਆ ਹੈ, ਤੇ ਇਹੀ ਕੁਛ ਸਿਖਾਵਾਂਗੇ।

**ਟ੍ਰੀਟਮੈਂਟ :—**

ਮਸਲਾ, ਦਾਰੂ, ਲੇਖਕ, ਨਕਦੀ ਤੇ ਮੁੱਖ-ਬੰਦ।

ਕਿਵੇਂ ਘੁਲ ਮਿਲ ਗਏ ਨੇ — ਇਹ ਪੰਜੇ ਸ਼ਬਦ ? ਜਿਵੇਂ ਇਕੋ ਪਰਿਵਾਰ ਦੇ ਮੈਂਬਰ ਹੋਣ।

ਇਸੇ ਲਈ ਮੈਂ ਵੀ ਸੋਚ ਲਿਆ ਹੈ ਕਿ ਜਦ ਤੱਕ ਡਾ: ਸਾਹਿਬ ਮੁੱਖ-ਬੰਦ ਨਹੀਂ ਲਿਖ ਕੇ ਦਿੰਦੇ — ਉਹਨਾਂ ਦੇ 'ਰਾਗ ਝਗੜਈ' ਦੀ ਮਸ਼ਹੂਰੀ ਕੀਤੀ ਜਾਵੇ ਕਿਸੇ ਵੀ ਵਿੰਗੇ ਬੰਦੇ ਤੋਂ ਕੰਮ ਕਰਾਉਣ ਦਾ ਕਿੰਨਾ ਚੰਗਾ ਢੰਗ ਐ—ਉਹਦੀ ਖੂਬੀਆਂ ਤੇ ਟਾਰਚ ਮਾਰੀ ਜਾਵੇ। ਹਾਂ !

—ਨਕਦੀ, ਉਹ ਬੀਵੀ ਨੂੰ ਖੁਸ਼ ਕਰਨ ਲਈ ਲੈਂਦੇ ਹਨ, (ਤਾਂ ਜੋ ਉਹ ਰਾਹ 'ਚ ਰੁਕਾਵਟ ਨਾ ਬਣੇ)

ਤੇ, ਦਾਰੂ ?

—ਹਾਂ, ਦਾਰੂ ਦੀ ਘੁੱਟ ਲਾ ਕੇ ਉਹ ਮੁੱਖ-ਬੰਦ ਲਿਖਦੇ ਹਨ।

"ਇਹੀ ਦਾਰੂ ਉਹਨਾਂ ਦੀ ਕਮਜ਼ੋਰੀ ਹੈ !" ਮੈਂ ਇਹ ਗੱਲ ਫੜ ਲਈ। ਫੇਰ ਫੜਨ ਫੜਾਉਣ 'ਚ ਬਹੁਤ ਵਧੀਆ ਗੱਲ ਸਾਹਮਣੇ ਆਈ, ਦੁਖੀ ਦੀ ਕਿਤਾਬ ਛਪ ਗਈ। ਉਹਦਾ ਦੁੱਖ ਕੱਟਿਆ ਗਿਆ। ਬਿਨਾਂ ਫੀਸ ਹੀ ਸਰ ਗਿਆ ! ਹੈ ਨਾ ਹੈਰਾਨਗੀ ਵਾਲੀ ਗੱਲ ?

ੲ

ਸਾਡਾ ਸਾਹਿਤ ਵੀ ਇੱਕੀਵੀਂ ਸਦੀ ਵੱਲ ਵਧ ਰਿਹਾ ਹੈ !

---

# ਬਹੁਗੁਣਾ ਆਪਣੀ ਤਾਕਤ ਵਿਖਾਉਣ ਦੇ ਯਤਨਾਂ 'ਚ

ਨਵੀਂ ਦਿੱਲੀ — ਲੋਕ ਦਲ ਦੇ ਪ੍ਰਧਾਨ ਸ੍ਰੀ ਐਚ. ਐਨ. ਬਹੁਗੁਣਾ, ਜਿਨ੍ਹਾਂ ਨੂੰ ਪਾਰਟੀ ਵਿਚਲਾ ਸ੍ਰੀ ਦੇਵੀ ਲਾਲ ਧੜਾ ਲੋਕ ਦਲ ਵਿਚੋਂ ਬਾਹਰ ਕੱਢ ਚੁੱਕਾ ਹੈ, 27 ਨਵੰਬਰ ਨੂੰ ਲਖਨਊ ਵਿਖੇ ਬੁਲਾਏ ਪਾਰਟੀ ਦੇ ਵਿਸ਼ੇਸ਼ ਸੈਸ਼ਨ ਵਿਚ ਆਪਣੀ ਵੱਧ ਤੋਂ ਵੱਧ ਤਾਕਤ ਵਿਖਾਉਣ ਲਈ ਯਤਨਸ਼ੀਲ ਸੀ। ਲੋਕ ਦਲ ਦੀ ਯੂ. ਪੀ. ਇਕਾਈ ਦਾ ਪ੍ਰਧਾਨ ਸ੍ਰੀ ਮੁਲਾਇਮ ਸਿੰਘ ਯਾਦਵ ਸ੍ਰੀ ਦੇਵੀ ਲਾਲ ਦੇ ਧੜੇ ਵਿਚ ਸ਼ਾਮਲ ਹੋ ਚੁੱਕਾ ਹੈ ਪਰ ਲੋਕ ਦਲ ਵਿਚਲੇ ਸ੍ਰੀ ਮੁਲਾਇਮ ਸਿੰਘ ਵਿਰੋਧੀ ਕੁਝ ਵਰਕਰ ਸ੍ਰੀ ਬਹੁਗੁਣਾ ਦੇ ਨਾਲ ਹਨ। ਸ੍ਰੀ ਬਹੁਗੁਣਾ ਇਹ ਵਿਖਾ ਦੇਣਾ ਚਾਹੁੰਦੇ ਹਨ ਕਿ ਯੂ. ਪੀ. ਵਿਚ ਉਹ ਅਜੇ ਵੀ ਇਕ ਤਕੜੀ ਸ਼ਕਤੀ ਹਨ ਕਿਉਂਕਿ ਪਹਾੜੀ ਇਲਾਕਿਆਂ ਤੇ ਮੁਸਲਮਾਨਾਂ ਵਿਚ ਉਨ੍ਹਾਂ ਦਾ ਕਾਫੀ ਰਸੂਖ ਹੈ।

ਸ੍ਰੀ ਦੇਵੀ ਲਾਲ ਪੱਖੀ ਧੜੇ ਦੀ 17 ਨਵੰਬਰ ਨੂੰ ਹੋਈ ਕੌਮੀ ਕਨਵੈਨਸ਼ਨ ਬਾਅਦ ਸ੍ਰੀ ਬਹੁਗੁਣਾ ਰਾਜਸੀ ਤੌਰ ਉਤੇ ਅਲੱਗ-ਥਲੱਗ ਹੋ ਕੇ ਰਹਿ ਗਏ ਹਨ। ਕੌਮੀ ਫਰੰਟ ਵਿਚ ਵੀ ਉਨ੍ਹਾਂ ਦਾ ਭਵਿੱਖ ਅਨਿਸਚਤ ਹੈ। ਲੋਕ ਦਲ ਦਾ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਉਨ੍ਹਾਂ ਨੂੰ ਕੌਮੀ ਫਰੰਟ ਦੀ ਪ੍ਰੀਜ਼ੀਡੀਅਮ ਵਿਚ ਲਿਆ ਗਿਆ ਸੀ। ਪਰ ਹੁਣ ਕਿਉਂਕਿ ਉਨ੍ਹਾਂ ਨੂੰ ਲੋਕ ਦਲ ਵਿਚੋਂ ਕੱਢਿਆ ਜਾ ਚੁੱਕਾ ਹੈ, ਇਸ ਲਈ ਸ੍ਰੀ ਦੇਵੀ ਲਾਲ ਇਹ ਯਤਨ ਕਰਨਗੇ ਕਿ ਉਨ੍ਹਾਂ (ਸ੍ਰੀ ਬਹੁਗੁਣਾ) ਨੂੰ ਕੌਮੀ ਫਰੰਟ 'ਚ ਕੋਈ ਮਹੱਤਵਪੂਰਨ ਪੁਜ਼ੀਸ਼ਨ ਨਾ ਮਿਲੇ। ਭਾਵੇਂ ਕਿ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਐਨ ਟੀ ਰਾਮਾਰਾਓ, ਸ੍ਰੀ ਬਹੁਗੁਣਾ ਨੂੰ ਫਰੰਟ 'ਚ ਰੱਖਣ ਦੇ ਇਛਕ ਹਨ।

ਸ੍ਰੀ ਬਹੁਗੁਣਾ ਦੀ ਅਗਲੀ ਚਾਲ ਬਾਰੇ ਰਾਜਸੀ ਹਲਕਿਆਂ 'ਚ ਕਈ ਅਫਵਾਹਾਂ ਸੁਣਨ 'ਚ ਆ ਰਹੀਆਂ ਹਨ। ਉਨ੍ਹਾਂ ਦੇ ਕਾਂਗਰਸ (ਆਈ) 'ਚ ਸ਼ਾਮਲ ਹੋ ਜਾਣ ਦੇ ਵੀ ਚਰਚੇ ਹਨ। ਉਹ ਜਨਤਾ ਦਲ ਵਿਚੋਂ ਬਾਹਰ ਰਹਿ ਗਈਆਂ ਛੋਟੀਆਂ ਪਾਰਟੀਆਂ ਦਾ ਇਕ ਗਠਜੋੜ ਬਣਾ ਸਕਦੇ ਹਨ ਜਾਂ ਖੱਬੇ ਪੱਖੀ ਪਾਰਟੀਆਂ ਨਾਲ ਵੀ ਫਰੰਟ ਬਣਾ ਸਕਦੇ ਹਨ। ਇਸ ਸਬੰਧੀ ਕੋਈ ਭੁਲੇਖਾ ਨਹੀਂ ਕਿ ਸ੍ਰੀ ਬਹੁਗੁਣਾ ਜਨਤਾ ਦਲ 'ਚ ਅਹਿਮ ਅਹੁਦਾ ਚਾਹੁੰਦੇ ਹਨ ਜਦੋਂ ਕਿ ਸ੍ਰੀ ਦੇਵੀ ਲਾਲ ਅਜਿਹਾ ਨਹੀਂ ਹੋਣ ਦੇਣਗੇ।

ਚੌਧਰੀ ਚਰਨ ਸਿੰਘ ਦੀ ਮੌਤ ਬਾਅਦ ਜਦੋਂ ਲੋਕ ਦਲ ਸ੍ਰੀ ਅਜੀਤ ਸਿੰਘ ਤੇ ਸ੍ਰੀ ਦੇਵੀ ਲਾਲ ਦੀ ਅਗਵਾਈ ਹੇਠ ਦੋ ਧੜਿਆਂ ਵਿਚ ਵੰਡਿਆ ਗਿਆ ਸੀ, ਉਦੋਂ ਸ੍ਰੀ ਦੇਵੀ ਲਾਲ ਨੇ ਸ੍ਰੀ ਬਹੁਗੁਣਾ ਨੂੰ ਆਪਣੇ ਧੜੇ ਦਾ ਪ੍ਰਧਾਨ ਬਣਾਇਆ।

# The Manitoba Mirror

# ਮੈਨੀਟੋਬਾ ਦਰਪਣ

## BRAR NATURAL FLOUR MILLS

— ਸ਼ੇਰੇ-ਪੰਜਾਬ ਡੁਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

**Ph. 775-6989**

830 - NOTRE DAME AVE. WINNIPEG, MAN.

---

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ੀਦਣ ਜਾਂ ਵੇਚਣ ਲਈ

ਮਿਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

**ਅਵਤਾਰ ਟਿਵਾਣਾ** ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

**Pager 942-7788 #02284**



## REMAX REALTY

10 - 2230 McPhillps St., Winnipeg, MB R2V 3C8

Sales Representative

---



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ





ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

New Location — 724 - Sargent Ave., Winnipeg, MAN.,

**Ph. Bus. 772-3937**

**Res. 633-6567**

---

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# ਫਿਲਮਨਾਮਾ

ਸ਼ਮਸ਼ੇਰ ਸਿੰਘ ਸੰਧੂ



ਵੱਡੇ ਬੈਨਰਾਂ ਵਾਲੀਆਂ ਫਿਲਮਾਂ ਦੀ ਅਭਿਨੇਤਰੀ. ਮਾਧੁਰੀ ਦੀਕਸ਼ਿਤ ।

## ਸੰਗੀਤਾ ਬਿਜਲਾਨੀ

ਤੇਜ਼ੀ ਨਾਲ ਅੱਗੇ ਆ ਰਹੀਆਂ ਅਭਿਨੇਤਰੀਆਂ ਵਿਚ ਹੁਣ ਸੰਗੀਤਾ ਬਿਜਲਾਨੀ ਦਾ ਨਾਂ ਭਲੀਭਾਂਤ ਲਿਆ ਜਾਂਦਾ ਹੈ। ਉਹਦੇ ਕੋਲ ਇਸ ਸਮੇਂ ਪੌਣੀ ਦਰਜਨ ਫਿਲਮਾਂ ਹਨ। ਹਰ ਪੱਧਰ ਦੇ ਐਕਟਰ ਨਾਲ ਉਹ ਫਿਲਮਾਂ ਕਰ ਰਹੀ ਹੈ। ਸੰਗੀਤਾ ਨੂੰ ਸਭ ਤੋਂ ਪਹਿਲਾਂ ਡਾਇਰੈਕਟਰ ਜੇ ਪੀ ਦੱਤਾ ਨੇ 'ਹਥਿਆਰ' ਫਿਲਮ ਵਾਸਤੇ ਲੈ ਕੇ ਰਾਤੋ ਰਾਤ ਉਸ ਦਾ ਜ਼ਿਕਰ ਇੰਡਸਟਰੀ 'ਚ ਕਰਵਾ ਦਿੱਤਾ। 'ਗੁਲਾਮੀ' ਫਿਲਮ ਕਾਰਨ ਦੱਤਾ ਦੀ ਆਪਣੀ ਇਕ ਟੌਅਰ ਕਾਇਮ ਹੋ ਚੁਕੀ ਹੈ ਤੇ ਉਹ ਜਿਸ ਕਿਸੇ ਨਵੇਂ ਕਲਾਕਾਰ ਨੂੰ ਆਪਣੀ ਫਿਲਮ 'ਚ ਅਪਣਾਉਂਦਾ ਹੈ, ਉਸ ਕਲਾਕਾਰ ਦਾ ਚਮਕ ਜਾਣਾ ਸੁਭਾਵਕ ਹੈ। ਇਹ 'ਹਥਿਆਰ' ਫਿਲਮ ਹੁਣ ਰਿਲੀਜ਼ ਹੋਣ ਲਈ ਉਸਲਵੱਟੇ ਲੈ ਰਹੀ ਹੈ।

ਜਿਤਨਾ ਚਿਰ 'ਹਥਿਆਰ' ਮੁਕੰਮਲ ਨਹੀਂ ਸੀ ਹੋਈ ਉਤਨਾ ਚਿਰ ਸੰਗੀਤਾ ਬਿਜਲਾਨੀ ਕੋਈ ਹੋਰ ਫਿਲਮ ਸਾਈਨ ਨਹੀਂ ਸੀ ਕਰ ਸਕੀ। ਇਸ ਦੀ ਇਕੋ ਇਕ ਵਜ੍ਹਾ ਇਹ ਸੀ ਕਿ 'ਹਥਿਆਰ' ਵਾਲਿਆਂ ਨਾਲ ਉਸ ਦਾ 'ਲਿਖਤੀ ਸਮਝੌਤਾ ਸ਼ਰਤ' ਸੀ ਕਿ ਜਦ ਤਕ ਫਿਲਮ ਪੂਰੀ ਨਹੀਂ ਹੋਵੇਗੀ ਉਹ ਹੋਰ ਕਿਸੇ ਦੀ ਫਿਲਮ ਨਹੀਂ ਫੜੇਗੀ। ਇਸ ਸਤਝੌਤੇ ਦਾ ਜ਼ਰਾ ਜਿੰਨਾ ਨੁਕਸਾਨ ਵੀ ਹੋਇਆ ਕਿ ਸੰਗੀਤਾ ਬਿਜਲਾਨੀ ਕੋਲੋਂ 'ਵਰਦੀ' ਅਤੇ 'ਫਰੋਧ' ਵਰਗੀਆਂ ਕੁਝ ਫਿਲਮਾਂ ਖੁਸ ਗਈਆਂ।

ਫਿਲਮਾਂ ਕਰਨ ਤੋਂ ਪਹਿਲਾਂ ਸੰਗੀਤਾ ਨੇ ਮਾਡਲਿੰਗ ਦੀ ਦੁਨੀਆਂ ਵਿਚ ਖੂਬ ਨਾਂ ਕਮਾਇਆ ਹੈ। ਮਾਡਲਿੰਗ 'ਚ ਆਉਣ ਤੋਂ ਪਹਿਲਾਂ ਉਹ 'ਮਿਸ ਇੰਡੀਆ' ਬਣੀ ਸੀ। ਇਹ ਸ਼ਾਨਦਾਰ ਘਟਨਾ 1980 'ਚ ਵਾਪਰੀ ਸੀ। ਦੇਖਿਆ ਜਾਵੇ ਤਾਂ ਅਜਿਹਾ 'ਖਿਤਾਬ' ਹਾਸਲ ਕਰ ਕੇ ਵੀ ਸੰਗੀਤਾ ਬਿਜਲਾਨੀ ਨੂੰ ਕਾਫੀ ਸਮਾਂ ਲੱਗ ਗਿਆ ਫਿਲਮਾਂ 'ਚ ਪੈਰ ਜਮਾਉਣ ਨੂੰ।

ਉਹਦੀਆਂ ਆਉਣ ਵਾਲੀਆਂ ਫਿਲਮਾਂ 'ਚ 'ਹਥਿਆਰ' ਤੋਂ ਇਲਾਵਾ 'ਜਯ ਸ਼ਿਵ ਸ਼ੰਕਰ', 'ਤ੍ਰਿਦੇਵ' ਤੇ 'ਖੂਨ ਕਾ ਕਰਜ਼' ਵਿਸ਼ੇਸ਼ ਵਰਨਣਯੋਗ ਹਨ।

ਬਿਜਲਾਨੀ ਨੇ ਮਧੂਬਾਲਾ ਤੇ ਨਰਗਿਸ ਨੂੰ ਆਦਰਸ਼ ਮੰਨਿਆ ਹੋਇਆ ਹੈ। ਉਸ ਨੇ ਗੋਪੀ ਕ੍ਰਿਸ਼ਨ ਦੀ ਚੇਲੀ ਨੀਮ ਗੁਲਾਟੀ ਤੋਂ ਡਾਂਸ ਸਿਖਿਆ ਹੈ।

## ਅਮਲਾ ਦੀ ਪੁੱਛ-ਪ੍ਰਤੀਤ ਹੈ

ਅਮਲਾ ਨਾਂ ਦੀ ਅਭਿਨੇਤਰੀ ਵੀ ਨਵੀਂ ਪੀੜ੍ਹੀ 'ਚ ਆਪਣਾ ਥਾਂ ਬਨਾਉਣ ਲਈ ਯਤਨਸ਼ੀਲ ਹੈ ਤੇ ਇਕ ਤਰ੍ਹਾਂ ਨਾਲ ਉਸ ਦੀ ਥਾਂ ਬਣ ਹੀ ਚੁੱਕੀ ਹੈ। 'ਪੁਸ਼ਪਕ' ਫਿਲਮ ਦੀ ਖਾਸੀਅਤ ਇਹ ਸੀ ਕਿ ਉਸ ਵਿਚ ਸੰਵਾਦ ਵਗੈਰਾ ਨਹੀਂ ਸਨ। ਹਾਵਾਂ ਭਾਵਾਂ ਨਾਲ ਹੀ ਕਲਾਕਾਰਾਂ ਨੇ ਹਰ ਗੱਲ ਸਮਝਾਉਣੀ ਸੀ। ਇਸ ਫਿਲਮ ਦੇ ਹੀਰੋ ਕਮਲ ਹਸਨ ਦੀ ਜਿਥੇ ਲੋਕਾਂ ਨੇ ਰੱਜ ਕੇ ਤਾਰੀਫ ਕੀਤੀ ਉਥੇ ਅਮਲਾ ਦੇ ਸੂਖਮ ਅਭਿਨੈ ਨੂੰ ਵੀ ਉਨ੍ਹਾਂ ਭਰਵੀਂ ਦਾਦ ਦਿੱਤੀ।

ਉਸ ਤੋਂ ਬਾਅਦ ਉਸ ਨੂੰ ਫਿਲਮਾਂ ਵਾਲਿਆਂ ਵਲੋਂ ਨਿਤ ਨਵੀਆਂ ਪੇਸ਼ਕਸ਼ਾਂ ਹੋਣ ਲੱਗੀਆਂ। ਪਰ ਉਸ ਨੇ ਹਰ ਫਿਲਮ ਨੂੰ ਸਾਈਨ ਨਹੀਂ ਕੀਤਾ ਤੇ ਰੋਲ ਸੁਣ ਕੇ ਤਸੱਲੀਬਖਸ਼ ਫਿਲਮਾਂ ਹੀ ਫੜੀਆਂ। ਉਹਦੀਆਂ ਆਉਣ ਵਾਲੀਆਂ ਖਾਸ ਫਿਲਮਾਂ 'ਚ 'ਜੁਅਰਤ' ਤੇ 'ਤੇਰੀ ਤਲਾਸ਼ ਮੇਂ' ਨੂੰ ਗਿਣਿਆ ਜਾਂਦਾ ਹੈ।

ਬੰਬਈਆ ਫਿਲਮਾਂ ਤੋਂ ਪਹਿਲਾਂ ਅਮਲਾ ਤਾਮਿਲ ਤੇ ਤੈਲਗੂ ਫਿਲਮੀ ਦੁਨੀਆਂ ਵਿਚ ਬੇਹੱਦ ਮਾਨਤਾ ਹਾਸਲ ਕਰ ਚੁਕੀ ਹੈ। ਉਸ ਨੇ ਤਾਮਿਲ ਦੀਆਂ 22 ਫਿਲਮਾਂ 'ਚ ਰੋਲ ਕੀਤੇ ਅਤੇ ਤੈਲਗੂ ਦੀਆਂ ਚਾਰ ਫਿਲਮਾਂ 'ਚ ਹੀਰੋਇਨ ਦੀ ਭੂਮਿਕਾ ਨਿਭਾਈ। ਹੁਣ ਭਾਵੇਂ ਅਮਲਾ ਫਿਲਮਾਂ 'ਚ ਜ਼ਿਆਦਾ ਰੁਝੇਵੇਂ ਕਾਰਨ ਸਟੇਜ ਪ੍ਰੋਗਰਾਮ ਨਹੀਂ ਦਿੰਦੀ ਪਰ ਪਹਿਲੇ ਸਮਿਆਂ ਵਿਚ ਉਹ ਰੁਕਮਣੀ ਦੇਵੀ ਦੀ ਟੋਲੀ ਨਾਲ ਭਾਰਤ ਤੇ ਭਾਰਤ ਤੋਂ ਬਾਹਰ ਦਰਜਨਾਂ ਸਟੇਜ ਪ੍ਰੋਗਰਾਮ ਦੇ ਚੁਕੀ ਹੈ। ਅਮਲਾ ਨੂੰ ਕਾਫੀ ਚੰਗੀ ਡਾਂਸਰ ਮੰਨਿਆ ਜਾਂਦਾ ਹੈ। ਉਸ ਨੇ ਬਹੁਤ ਛੋਟੀ ਉਮਰੇ, (ਛੇ ਕੁ ਸਾਲਾਂ ਦੀ) ਡਾਂਸ ਸਿਖਣਾ ਅਰੰਭਿਆ ਸੀ।

ਅਮਲਾ ਦੀ ਮਾਂ ਆਇਰਿਸ਼ ਹੈ ਤੇ ਪਿਤਾ ਬੰਗਾਲੀ ਹੈ। ਆਉਣ ਵਾਲੇ ਦਿਨਾਂ 'ਚ ਅਮਲਾ ਦੀ ਅਭਿਨੈ-ਕਲਾ ਨੇ ਹੋਰ ਵੱਧ ਨਿਖਰਨਾ ਤੇ ਚਮਕਣਾ ਹੈ, ਅਜਿਹਾ ਫਿਲਮੀ ਪੰਡਿਤ ਨਿਸ਼ਚੇ ਨਾਲ ਕਹਿ ਰਹੇ ਹਨ।

## ਮਾਧੁਰੀ ਦੀਕਸ਼ਿਤ

ਲਗਦੇ ਹੱਥ ਨਵੀਂ ਫਸਲ ਦੀਆਂ ਅਭਿਨੇਤਰੀਆਂ 'ਚੋਂ ਇਕ ਹੋਰ ਮਾਧੁਰੀ ਦੀਕਸ਼ਿਤ ਦੀ ਵੀ ਗੱਲ ਕਰ ਲਈਏ। ਕਿਤਨਾ ਹੀ ਚਿਰ ਮਾਧੁਰੀ ਦੀ 'ਹਵਾ' ਖਰਾਬ ਬਣੀ ਰਹੀ ਕਿ ਉਹ ਝੂਠੀ ਮੂਠੀ ਦੀਆਂ ਆਪਣੀਆਂ ਫਿਲਮਾਂ ਗਿਣਵਾ ਰਹੀ ਹੈ ਤੇ ਅਸਲ ਵਿਚ ਉਸ ਕੋਲ ਫਿਲਮਾਂ ਨਹੀਂ ਹਨ। ਇਹ ਉਦੋਂ ਹੋਇਆ ਜਦੋਂ 'ਸਕਰੀਨ' ਦੇ ਕਈ ਸਫਿਆਂ ਉਪਰ ਫਿਲਮਕਾਰ ਸੁਭਾਸ਼ ਘਈ ਨੇ ਮਾਧੁਰੀ ਦੀਕਸ਼ਿਤ ਨੂੰ ਲੋੜੋਂ ਵੱਧ ਫੂਕ ਛਕਾ ਕੇ ਪੇਸ਼ ਕਰ ਦਿੱਤਾ ਸੀ ਤੇ ਫਿਲਮਾਂ ਫਲੋਰ 'ਤੇ ਕਾਫੀ ਸਮਾਂ ਗਈਆਂ ਹੀ ਨਾ।

ਪਰ ਹੁਣ ਮੰਨਣਾ ਪਵੇਗਾ ਕਿ ਦੀਕਸ਼ਿਤ ਕੋਲ ਸੱਚਮੁਚ ਅੱਛੀਆਂ ਫਿਲਮਾਂ ਹਨ ਤੇ ਕਹਿੰਦੇ ਕਹਾਉਂਦੇ ਐਕਟਰਾਂ ਨਾਲ ਉਹ ਹੀਰੋਇਨ ਆ ਰਹੀ ਹੈ।

'ਪ੍ਰਤੀਘਾਤ' ਵਾਲੇ ਡਾਇਰੈਕਟਰ ਐਨ. ਚੰਦਰਾ ਦੀ ਨਵੀਂ ਫਿਲਮ 'ਤੇਜ਼ਾਬ' ਮਾਧੁਰੀ ਦੀ ਖਾਸ ਪ੍ਰਾਪਤੀ ਬਣ ਗਈ ਹੈ। ਗਾਡਫਾਦਰ ਸੁਭਾਸ਼ ਘਈ ਦੀ ਤੇਜ਼ੀ ਨਾਲ ਮੁਕੰਮਲਤਾ ਵੱਲ ਵਧ ਰਹੀ ਸਟਾਰਕਾਸਟ 'ਰਾਮ ਲਖਨ' 'ਚ ਮਾਧੁਰੀ ਦੀਕਸ਼ਿਤ ਨੂੰ ਸੁਚੇਤ ਅਤੇ ਭਰਵੇਂ ਢੰਗ ਨਾਲ ਸਕਰੀਨ 'ਤੇ ਪੇਸ਼ ਕੀਤਾ ਜਾ ਰਿਹਾ ਹੈ। 'ਪਰਿੰਦਾ', 'ਪਾਪੀ ਦੇਵਤਾ', 'ਥਾਣੇਦਾਰ', 'ਵਰਦੀ', 'ਇਲਾਕਾ', 'ਫੁਟਪਾਥ', 'ਮੁਸ਼ਕਲ', 'ਖਿਲਾਫ', ਆਦਿ ਬਹੁਤ ਸਾਰੀਆਂ ਫਿਲਮਾਂ 'ਚ ਇਸ ਸਮੇਂ ਮਾਧੁਰੀ ਦੀਕਸ਼ਿਤ ਰੋਲ ਕਰ ਰਹੀ ਹੈ। ਸਿੱਪੀਆਂ ਦੀ ਫਿਲਮ 'ਜ਼ਮੀਨ' 'ਚ ਵੀ ਦੀਕਸ਼ਿਤ ਨੂੰ ਖਾਸ ਰੋਲ ਲਈ ਚੁਣਿਆ ਗਿਆ।

ਮਾਧੁਰੀ ਦੀਕਸ਼ਿਤ ਦੇ ਫਿਲਮ ਕੈਰੀਅਰ ਦਾ ਇਹ ਦੂਜਾ ਦੌਰ ਹੈ। ਉਹ ਪਹਿਲੇ ਦੌਰ 'ਚ 'ਅਬੋਧ' ਤੇ 'ਅਵਾਰਾ ਬਾਪ' ਫਿਲਮਾਂ ਵਿਚ ਦਿਖਾਈ ਦਿੱਤੀ ਸੀ ਤੇ ਇਹ ਫਿਲਮਾਂ ਫੇਲ੍ਹ ਹੋ ਜਾਣ ਕਾਰਨ ਉਸ ਨੂੰ ਨੁਕਸਾਨ ਪੁਜਾ ਸੀ। ਹੁਣ ਮਾਧੁਰੀ ਬਿਨਾਂ ਸ਼ੱਕ ਉਭਰ ਕੇ ਸਾਹਮਣੇ ਆ ਗਈ ਹੈ।

## ਦੂਜਾ ਬੋਕਾਡੀਆ

ਪੰਜਾਬੀ ਫਿਲਮਾਂ ਦੇ ਨਿਰਮਾਤਾ ਅਵਤਾਰ ਸਿੰਘ ਵਾਲੀਆ ਨੂੰ 'ਦੂਜਾ ਕੇ ਸੀ ਬੋਕਾਡੀਆ' ਆਖਿਆ ਜਾਂਦਾ ਹੈ। ਜਿਵੇਂ ਬੋਕਾਡੀਆ ਹਿੰਦੀ ਵਿਚ ਇਕੋ ਸਮੇਂ ਕਈ ਕਈ ਫਿਲਮਾਂ ਦਾ ਨਿਰਮਾਣ ਕਰ ਰਿਹਾ ਹੈ, ਉਸੇ ਤਰ੍ਹਾਂ ਵਾਲੀਆ ਪੰਜਾਬੀ ਫਿਲਮੀ ਖੇਤਰ 'ਚ ਸਰਗਰਮ ਹੈ। ਡਾਇਰੈਕਟਰ ਵਰਿੰਦਰ ਦੀਆਂ 'ਜੱਟ ਸੂਰਮੇ' ਤੇ 'ਦੁਸ਼ਮਣੀ ਦੀ ਅੱਗ' ਦੋਹਾਂ ਦਾ ਉਹ ਨਿਰਮਾਤਾ ਹੈ। ਵਰਿੰਦਰ ਦੀ ਹੀ ਹਿੰਦੀ ਫਿਲਮ 'ਕਾਲਾ ਕਾਨੂੰਨ' ਵੀ ਵਾਲੀਏ ਦੇ 'ਨਿਰਮਾਣ' ਨਾਲ ਬਣ ਰਹੀ ਹੈ ਜਿਸ ਵਿਚ ਰਾਜ ਬੱਬਰ ਤੇ ਸੋਨਮ ਆਦਿ ਕਲਾਕਾਰ ਹਨ। ਇਹੋ ਨਿਰਮਾਤਾ ਅਗਲੇ ਦਿਨਾਂ 'ਚ ਇਕ ਹੋਰ ਪੰਜਾਬੀ ਫਿਲਮ ਸ਼ੁਰੂ ਕਰਨ ਵਾਲਾ ਹੈ। ਅਵਤਾਰ ਸਿੰਘ ਵਾਲੀਆ ਨੂੰ ਇੰਡਸਟਰੀ ਦੇ ਸਾਰੇ ਵਾਕਫ ਲੋਕ 'ਬਾਪੂ' ਕਹਿ ਕੇ ਬੁਲਾਉਂਦੇ ਹਨ।

## ਸਤਿਆਜੀਤ ਰੇਅ ਵਲੋਂ 'ਘਣ-ਚੱਕਰ' ਸ਼ੁਰੂ

ਬੰਬਈ — ਪ੍ਰਸਿੱਧ ਫਿਲਮ ਡਾਇਰੈਕਟਰ ਸਤਿਆਜੀਤ ਰੇਅ ਨੇ ਪੰਜ ਸਾਲ ਪਿਛੋਂ ਫਿਰ ਫਿਲਮ ਸ਼ੁਰੂ ਕੀਤੀ ਹੈ ਜੋ ਇਬਸਨ ਦੇ ਨਾਟਕ 'Enemy of The People' ਤੇ ਆਧਾਰਤ ਹੈ ਜਿਸ ਦਾ ਨਾਂ ਉਨ੍ਹਾਂ 'ਘਣਚੱਕਰ' ਰੱਖਿਆ ਹੈ।

ਦਿਲ ਦਾ ਦੌਰਾ ਪੈਣ ਪਿਛੋਂ ਰੇਅ ਨੇ 1983 ਤੋਂ ਪਿਛੋਂ ਫਿਲਮ ਬਨਾਉਣੀ ਬੰਦ ਕਰ ਦਿੱਤੀ ਸੀ।

ਸਤਿਆਜੀਤ ਰੇਅ ਦੀ ਡਾਇਰੈਕਟਰ ਦੇ ਤੌਰ ਉਤੇ ਇਹ ਖੂਬੀ ਹੈ ਕਿ ਉਹ ਆਪਣੀ ਫਿਲਮ ਦੀ ਸ਼ੂਟਿੰਗ ਕਰਦੇ ਸਮੇਂ ਆਪ ਹੀ ਕੈਮਰਾ ਵਰਤਦੇ ਹਨ, ਆਪ ਹੀ ਡਾਇਲਾਗ ਲਿਖਦੇ ਹਨ ਤੇ ਸਕ੍ਰਿਪਟ ਤਿਆਰ ਕਰਦੇ ਹਨ ਤੇ ਕਈ ਵਾਰ ਆਪ ਹੀ ਸੰਗੀਤ ਦਿੰਦੇ ਹਨ। ਉਹ ਬਹੁਤ ਪ੍ਰਤਿਭਾ ਵਾਲੇ ਕਲਾਕਾਰ ਹਨ।

## ਜਿਨਾਹ ਦਾ ਘਰ ਕਲਚਰਲ ਸੈਂਟਰ ਬਣੇਗਾ

ਬੰਬਈ — ਪਾਕਿਸਤਾਨ ਦੀ ਨੀਂਹ ਰੱਖਣ ਵਾਲੇ ਸ੍ਰੀ ਜਿਨਾਹ ਦੇ ਘਰ ਨੂੰ, ਜਿਸ ਵਿਚ ਉਨ੍ਹਾਂ ਤੀਹ ਸਾਲ ਗੁਜ਼ਾਰੇ, ਭਾਰਤ ਸਰਕਾਰ ਨੇ ਕਲਚਰਲ ਸੈਂਟਰ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ।

ਦੱਖਣੀ ਬੰਬਈ ਦੇ ਮਾਲਾਬਾਰ ਹਿੱਲ ਇਲਾਕੇ ਵਿਚ ਮੁਹੰਮਦ ਅਲੀ ਜਿਨਾਹ ਦਾ ਇਹ ਘਰ ਉਸਨੂੰ ਬਹੁਤ ਪਿਆਰਾ ਸੀ। ਜਾਣ ਲੱਗੇ ਜਿਨਾਹ ਨੇ ਬੰਬਈ ਦੇ ਗਵਰਨਰ ਸ੍ਰੀ ਪ੍ਰਕਾਸ਼ ਨੂੰ ਕਿਹਾ ਸੀ ਕਿ ਇਸ ਘਰ ਦੀ ਇਕ ਇਕ ਇੱਟ ਉਸਨੇ ਆਪ ਲਵਾਈ ਹੈ ਇਸ ਲਈ ਇਹ ਘਰ ਕਿਸੇ ਨੂੰ ਦੇ ਕੇ ਉਸ ਦਾ ਦਿਲ ਨਾ ਤੋੜਿਆ ਜਾਵੇ।

## ਨੰਗੀਆਂ ਫਿਲਮਾਂ

**ਲੈਸਟਰ —— 17 ਕਲੌਜ਼ ਰਸ਼ੀ ਮੀਡ**
**ਲੈਸਟਰ ਦਾ ਦੁਕਾਨਦਾਰ ਚੰਮਨ ਲਾਲ ਪੰਚੋਲੀ ਨੰਗੀਆਂ ਫਿਲਮਾਂ ਕਿਰਾਏ ਤੇ ਦੇਂਦਾ ਚੌਥੀ**

ਵਾਰ ਫੜਿਆ ਗਿਆ। ਕਰਾਊਨ ਕੋਰਟ ਵਿਚ ਕੇਸ ਲੱਗਾ ਜਿਥੇ ਉਸਨੇ ਆਪਣੇ ਤਿੰਨ ਦੋਸ਼ ਮੰਨ ਲਏ। ਉਸ ਪਾਸ ਇਕ ਨੰਗੇਜ਼ ਭਰਿਆ ਆਰਟੀਕਲ ਸੀ ਜੋ ਉਸਨੇ ਛਪਵਾਉਣਾ ਸੀ ਨੰਗੀ ਫ਼ਿਲਮ ਤੇ ਕੁਝ ਨਕਲ ਕੀਤੀਆਂ ਭਾਰਤੀ ਫਿਲਮਾਂ ਦੀਆਂ ਵੀਡੀਓ ਕਾਪੀਆਂ ਸਨ।

ਅਦਾਲਤ ਨੇ ਚੰਮਨ ਲਾਲ ਨੂੰ 1425 ਪੌਂਡ ਜੁਰਮਾਨਾ ਕੀਤਾ



# ਖੁਸ਼ਖਬਰੀ

ਸਰੀ ਡੈਲਟਾ ਅਤੇ ਆਸ ਪਾਸ ਦੇ ਨਿਵਾਸੀਆਂ ਲਈ ਮਾਨ

ਵਿਚ 10 ਦਸੰਬਰ ਦਿਨ ਸ਼

# MANN MUSIC VIDEO

## 102-9380 - 120TH ST, (SCOTT RD

## TELEPHONE

# GRAND OP

ਜਿਸ ਤਰ੍ਹਾਂ ਪਿਛਲੇ 8 ਸਾਲਾਂ ਤੋਂ ਵੈਨਕੂਵਰ ਵਿਚ ਭੈਣਾਂ, ਭਰਾਵਾਂ ਨੇ ਸਾਡਾ ਸਾਥ ਦਿੱਤਾ ਹੈ, ਉਮੀਦ ਹੈ, ਇਸ ਨਵੇਂ ਖੁੱਲ੍ਹ ਰਹੇ ਸਟੋਰ ਵਿਚ ਵੀ ਇਸੇ ਤਰ੍ਹਾਂ ਹੁਮ ਹੁਮਾ ਕੇ ਸਾਥ ਦੇਵੋਗੇ। ਵੈਨਕੂਵਰ ਵਾਂਗ ਸਰੀ ਵਾਲੇ ਸਟੋਰ ਵਿਚ ਵੀ ਤੁਸੀਂ ਪਾਸਪੋਰਟ, ਸਿਟੀਜ਼ਨ, ਵੀਜ਼ੇ ਦਾ ਫੋਟੋ ਸਿਰਫ 5 ਮਿੰਟ ਵਿਚ ਖਿਚਵਾ ਸਕੋਗੇ। ਫੈਮਲੀ ਫੋਟੋ ਤੇ ਵਿਆਹ ਦੀਆਂ ਫੋਟੋ ਜਾਂ ਵੀਡੀਓ ਮੂਵੀ ਬਣਵਾਓ!

"YOU NAME IT WE HAVE IT"



ਗੁਰਬਖਸ਼ ਅਲਬੇਲਾ
ਅਜਾਇਬ ਸਿਘ ਅਣਖੀ ਤੇ ਸਾਥੀ

### ਹਿਦ ਦੀ ਚਾਦਰ

| SIDE "A" | SIDE "B" |
|---|---|
| ਤੇਰੀ ਦੇ ਦਿਨ ਦੀ ਜ਼ਿੰਦਗਾਨੀ | ਤੁਸੀਂ ਸੁਣ ਲਓ ਬਾਪੂ ਜੀ |
| ਪੰਡਤ ਚੱਲ ਕਸ਼ਮੀਰ ਤੋਂ | ਅੱਜ ਚੱਲ ਪਏ ਅਨੰਦਪੁਰ ਤੋਂ |
| ਰੋਂਦੇ ਪੰਡਤ ਵੇਖ ਕੇ | ਮਤੀ ਦਾਸ ਨੇ ਕਚਹਿਰੀ ਵਿਚ |




### ਖੁੰਬ ਵਰਗੀ ਭਾਬੀ-ਨਰਿੰਦਰ ਬੀਬਾ

| SIDE "A" | SIDE "B" |
|---|---|
| ਵੱਜੇ ਢੋਲ ਗਈ ਮੈਂ ਡੋਲ | ਲੋਕ ਯਾਰਾਨਾ ਤੱਕ ਕੇ ਸੜਦੇ |
| ਹੱਸੇ ਦਿਓਰ ਨੀ ਵਹੁਟੀ ਵਾਲਾ | ਅੱਖੀਆਂ ਤੂੰ ਫੇਰੀਆਂ ਵੇ |



### ਠੇਕਾ ਜੱਟ ਦਾ
### ਪ੍ਰੀਤਮ ਸ਼ੌਂਕੀ, ਸੁਖਜੀਤ

| SIDE "A" | SIDE "B" |
|---|---|
| ਭਾਈ ਮੇਰੇ ਮਾਰਨਗੇ ਤੈਨੂੰ ਮਿੱਤਰਾ | ਯਾਰ ਨੀ ਚੇਤੇ ਆਉਣਾ |
| ਕਬੂਤਰੀ ਤੂੰ ਚੀਨੀ ਪੱਟ ਲਈ | ਲੱਕ ਵਿਚ ਟੰਗ ਮਿੱਤਰਾ |

ਹੋਰ ਜਾਣਕਾਰੀ ਲਈ "ਸੰਗੀਤ ਸੰਸਾਰ" ਰੇਡੀਓ ਪ੍ਰੋਗਰਾਮ ਸੁਣੋ (C.J.V.B. 1470 AM) ਹਰ ਸਨਿਚਰਵਾਰ 5 - 8:30 ਵਜੇ ਤੱਕ

VISA

ਗੁਰਪਾਲ ਮਾਨ (604)321-6667

ਮਾਨ ਮਿਊਜ਼ਿਕ ਐਂਡ ਫੋਟੋ ਸਟੂਡੀਓ: 6512 ਮੇਨ ਸਟਰੀਟ, ਵੈਨਕੂਵਰ, ਬੀ. ਸੀ.

MAIL ORDER ACCEPTED

(ਸਟੋਰ ਹਰ ਮੰਗਲਵਾਰ ਬੰਦ ਹੁੰਦਾ ਹੈ) (Store closed on Tuesday)

# ਮਾਨ ਮਿਊਜ਼ਿਕ ਵੀਡੀਓ

## 6512 ਮੇਨ ਸਟਰੀਟ, ਵੈਨਕੂਵਰ ਬੀ. ਸੀ. ਫੋਨ (604) 321-6667

# ਖੁਸ਼ਖਬਰੀ



## ਮਿਊਜ਼ਿਕ ਵੀਡੀਓ ਐਂਡ ਫੋਟੋ ਸਟੂਡੀਓ ਦਾ ਦੂਜਾ ਸਟੋਰ ਸਰੀ ਚਰਵਾਰ ਨੂੰ ਖੁਲ੍ਹ ਰਿਹਾ ਹੈ !!

# & PHOTO STUDIO

## ·PUNJABI BAZAR) SURREY B.C.

## (604) 581-1245

# ENING DEC. 10

ਇਸ ਤੋਂ ਇਲਾਵਾ ਪੰਜਾਬੀ, ਹਿੰਦੀ, ਉਰਦੂ, ਵੀਡੀਓ ਮੂਵੀਆਂ, ਪਾਕਿਸਤਾਨੀ ਜਾਂ ਹਿੰਦੋਸਤਾਨੀ ਡਰਾਮੇ, ਗਾਣਿਆਂ ਦੀਆਂ ਪੰਜਾਬੀ, ਹਿੰਦੀ ਟੇਪਾਂ, ਗ਼ਜ਼ਲਾਂ ਦੀਆਂ ਟੇਪਾਂ, ਕਵਾਲੀਆਂ, ਭਜਨ, ਸ਼ਬਦ ਗੁਰਬਾਣੀ, ਕੀਰਤਨ ਦੀਆਂ ਟੇਪਾਂ ਜਾਂ ਰਾਗੀਆਂ ਢਾਡੀਆਂ ਦੀਆਂ ਟੇਪਾਂ ਅਤੇ ਵੀਡੀਓ ਮੂਵੀਆਂ ਦੀ ਸਭ ਤੋਂ ਵੱਧ ਸੀਲੈਕਸ਼ਨ ਤੁਹਾਨੂੰ ਮਾਨ ਮਿਊਜ਼ਿਕ ਦੇ ਦੋਨਾਂ ਸਟੋਰਾਂ ਤੋਂ ਮਿਲ ਸਕੇਗੀ ।



ਭੁਪਿੰਦਰ ਸਿੰਘ

ਸੁਲਫੇ ਦੀ ਲਾਟ

- SIDE "A"
- ਸੁਲਫੇ ਦੀ ਲਾਟ ਵਰਗੀ
- ਸੰਗਣ ਸੰਗੋਣ ਵਿਚ ਲੰਘ ਚੁ
- ਮੇਲਾ ਮੁੰਡੇ ਕੁੜੀਆਂ ਦਾ

- SIDE "B"
- ਤੈਨੂੰ ਪੈਣ ਇਸ਼ਕ ਦੀਆਂ ਮਾਰਾਂ
- ਜੁੱਤੀ ਕਰੇ ਮੁਟਿਆਰ ਦੀ ਚੀਕੂੰ ਚੀਕੂੰ
- ਨੀ [illegible]



ਧਮਕ ਪੰਜਾਬ ਦੀ ਵੀਡੀਓ

## ਮਾਨ ਮਿਊਜ਼ਿਕ ਵੀਡੀਓ ਐਂਡ ਫੋਟੋ ਸਟੂਡੀਓ ਦੀਆਂ ਵਿਸ਼ੇਸ਼ਤਾਵਾਂ :

- ਪਾਸਪੋਰਟ, ਸਿਟੀਜਨ ਜਾਂ ਵੀਜ਼ੇ ਲਈ ਫੋਟੋ ਪੰਜ ਮਿੰਟ ਵਿਚ ਤਿਆਰ
- ਪੂਰੀ ਫੈਮਿਲੀ ਦੀ ਫੋਟੋ ਜਾਂ ਪਾਸਪੋਰਟ ਫੋਟੋ ਵਧੀਆ ਖਿਚ ਕੇ ਤਿਆਰ ਕਰਦੇ ਹਾਂ
- ਗੁਰੂਆਂ ਦੀ ਫੋਟੋਆਂ ਲੱਕੜੀ ਦੇ ਵਧੀਆ ਫਰੇਮਾਂ ਵਿਚ
- ਰਿਕਾਰਡਿੰਗ ਤੇ ਵਧੀਆ ਕੁਆਲਿਟੀ ਦੀਆਂ ਟੇਪਾਂ ਵਿਚ ਗ਼ਜ਼ਲਾਂ, ਸ਼ਬਦ ਗੁਰਬਾਣੀ
- ਆਪਣੀ ਮਨਪਸੰਦ ਦੇ ਹਿੰਦੀ ਜਾਂ ਪੰਜਾਬੀ ਗਾਣੇ ਭਰਵਾਉਣ ਲਈ ਆਪਣੀ ਲਿਸਟ ਲੈ ਕੇ ਆਓ
- ਮਨਪਸੰਦ ਦੀ ਮੂਵੀ ਰੈਂਟ ਕਰੋ ਜਾਂ ਖਰੀਦੋ ਸਭ ਨਾਲੋਂ ਕਲੀਅਰ ਪ੍ਰਿੰਟ ਜਿਨ੍ਹਾਂ ਵਿਚ ਸਭ ਤੋਂ ਜ਼ਿਆਦਾ ਮੂਵੀਆਂ ਦੀ ਸੀਲੈਕਸ਼ਨ ਇਥੋਂ ਮਿਲੇਗੀ ਆਓ ਅਤੇ ਅਜਮਾਓ
- ਇੰਡੀਆ, ਇੰਗਲੈਂਡ, ਫੀਜ਼ੀ, ਅਫਰੀਕਾ ਜਾਂ ਕਿਸੇ ਹੋਰ ਦੇਸ਼ਾਂ ਦੀ ਵੀਡੀਓ ਮੂਵੀ ਨੂੰ ਦਸ ਡਾਲਰ ਘੰਟੇ ਵਿਚ ਮਸ਼ੀਨ ਨਾਲ (Digital) ਸ਼ਰਤੀਆ ਕਲੀਅਰ ਪ੍ਰਿੰਟ ਵਿਚ ਤਬਦੀਲ ਕਰਵਾਓ ।
- ਢਾਡੀਆਂ ਦੀਆਂ, ਕੀਰਤਨ ਦੀਆਂ ਵੀਡੀਓ ਟੇਪਾਂ ਜਾਂ ਪਾਕਿਸਤਾਨੀ ਸਿੰਗਰਾਂ ਦੀਆਂ ਵੀਡੀਓ ਟੇਪਾਂ ਦੀ ਸਭ ਤੋਂ ਜ਼ਿਆਦਾ ਸਿਲੈਕਸ਼ਨ
- ਹਾਰਮੋਨੀਅਮ, ਤਬਲਾ, ਢੋਲਕੀ, ਤੂੰਬੀਆਂ, ਸਿਤਾਰ, ਡਫਲੀ, ਘੁੰਗਰੂ, ਢੱਡਾਂ, ਸਾਰੰਗੀਆਂ, ਸਕੇਲ ਚੈਂਜਰ ਹਾਰਮੋਨੀਅਮ ਵਧੀਆ ਕੁਆਲਿਟੀ ਦੇ ਸਾਜ ਸਮਾਨ ।

ਇੰਡੀਆਂ, ਇੰਗਲੈਂਡ, ਫੀਜ਼ੀ, ਅਫਰੀਕਾ ਦੀ ਵੀਡੀਓ ਮੂਵੀ ਨੂੰ ਕੈਨੇਡਾ ਦੇ ਸਿਸਟਮ ਤੇ ਜਾਂ ਕੈਨੇਡਾ ਦੀ ਵੀਡੀਓ ਮੂਵੀ ਨੂੰ ਹੋਰ ਕਿਸੇ ਦੇਸ਼ ਦੇ ਸਿਸਟਮ ਤੇ ਬਿਲਕੁਲ ਕਲੀਅਰ ਪ੍ਰਿੰਟ ਵਿਚ ਮਸ਼ੀਨ ਨਾਲ 10 ਡਾਲਰ ਪ੍ਰਤੀ ਘੰਟੇ ਵਿਚ ਕਨਵਰਟ ਕਰਾਓ । ਮੂਵੀ ਇਕੋ ਦਿਨ ਵਿਚ ਦਿੱਤੀ ਜਾਵੇਗੀ ।

**ਨੋਟ : ਓਪਨਿੰਗ ਵਾਲੇ ਦਿਨ 10 ਦਸੰਬਰ ਨੂੰ ਸਟੋਰ ਵਿਚ ਆਉਣ ਵਾਲੀ ਹਰ ਫੈਮਲੀ ਦੀ ਇਕ 5x7 ਫੋਟੋ ਫਰੀ ਖਿਚ ਕੇ ਦਿੱਤੀ ਜਾਵੇਗੀ । ਮੁਫਤ (ਸਿਰਫ ਸਰੀ ਵਾਲੇ ਸਟੋਰ ਵਿਚ)**

# ਐਂਡ ਫੋਟੋ ਸਟੂਡੀਓ

MAIL ORDERS ACCEPTED

## 102-9380 ਸਕਾਟ ਰੋਡ , ਸਰੀ ਫੋਨ 581-1245

# Popular Furniture Mfg. Ltd.

7935 - 128th Street, SURREY, B.C. **Ph. 596-1216**

ਵੈਨਕੂਵਰ ਵਿਚ
ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿੱਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ

## ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ਼੍ਰੀਦੋ

**ਰੰਗ-ਬਰੰਗੀਆਂ ਸੇਲਾਂ ਤੋਂ ਬਚੋ —**

ਰੀਟੇਲ ਫਰਨੀਚਰ ਸਟੋਰਾਂ ਨੇ ਫੈਕਟਰੀ ਕੀਮਤਾਂ ਬੀਟ (Beat) ਤਾਂ ਕੀ ਕਰਨੀਆਂ ਹਨ — ਨੇੜੇ (Meet) ਵੀ ਨਹੀਂ ਪਹੁੰਚ ਸਕਦੇ।



885 Pine



585 Pine



985 Pine



685 Pine

ਫਰਨੀਚਰ ਫੈਕਟਰੀ ਤੋਂ ਸਿੱਧਾ ਖ਼੍ਰੀਦਣ ਨਾਲ

**ਬੱਚਤ ਹੀ ਬੱਚਤ**

## ਆਓ, ਆ ਕੇ ਦੇਖੋ ਤੇ ਕੀਮਤਾਂ ਅਜ਼ਮਾਓ

- ਕਸਟਮ ਮੇਡ ਫਰਨੀਚਰ
- ਕੁਆਲਿਟੀ ਦੀ ਗਰੰਟੀ
- ਲੱਕੜ (Wood) ਦਾ ਬਣਿਆ ਫਰਨੀਚਰ

**ਫੈਕਟਰੀ ਸ਼ੋ-ਰੂਮ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ**

Factory Hours: 12.00 PM to 5:00 PM